
Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 187 06/12/2025 www.samajweekly.com samajweekly @samajweekly samajweekly



# ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਪ੍ਰੀਨਿਰਵਾਣ ਦਿਵਸ ਤੇ ਅਦਾਰਾ 'ਸਮਾਜ ਵੀਕਲੀ' ਸ਼ਰਧਾ ਦੇ ਫੁੱਲ ਭੇਂਟ ਕਰਦਾ ਹੈ

# ਆਰਗੈਨਿਕ ਖੇਤੀ ਦੇ ਨਾਮ ’ਤੇ ਕਈ 100 ਕਰੋੜ ਦਾ ਘਪਲਾ: ਖੰਨਾ ਪੁਲਿਸ ਵਲੋਂ 10 ਹੋਰ ਲੋਕਾਂ ਖਿਲਾਫ ਮੁਕੱਦਮਾ ਦਰਜ

**ਖੰਨਾ।** ਆਰਗੈਨਿਕ ਖੇਤੀ ਦੇ ਨਾਮ ’ਤੇ ਚੱਲ ਰਹੇ ਕਈ ਸੌ ਕਰੋੜ ਰੁਪਏ ਦੇ ਘਪਲੇ ਨੇ ਪੰਜਾਬ ਹੀ ਨਹੀਂ, ਸਗੋਂ ਕਈ ਹੋਰ ਰਾਜਾਂ ਦੀਆਂ ਏਜੰਸੀਆਂ ਨੂੰ ਵੀ ਸਾਵਧਾਨ ਕਰ ਦਿੱਤਾ ਹੈ।
ਖੰਨਾ ਪੁਲਿਸ ਨੇ ਇਸ ਮਾਮਲੇ ’ਚ ਇੱਕ ਹੋਰ ਵੱਡੀ ਕਾਰਵਾਈ ਕਰਦੇ ਹੋਏ 10 ਹੋਰ ਲੋਕਾਂ ਖ਼ਿਲਾਫ ਨਵਾਂ ਮੁਕੱਦਮਾ ਦਰਜ ਕੀਤਾ ਹੈ। ਇਸ ਮਾਮਲੇ ਦੀ ਜਾਂਚ ਪਹਿਲਾਂ ਹੀ ਇੱਕ ਵਿਸ਼ੇਸ਼ ਜਾਂਚ ਟੀਮ (ਸ਼ੀਠ) ਕਰ ਰਹੀ ਹੈ, ਜਿਸ ਦੀ ਜਾਂਚ ਦਰਮਿਆਨ ਲਗਾਤਾਰ ਨਵੀਆਂ ਪਰਤਾਂ ਖੁਲ੍ਹਦੀਆਂ ਜਾ ਰਹੀਆਂ ਹਨ ਅਤੇ ਧੋਖਾਧੜੀ ਦਾ ਅੰਕੜਾ ਕਈ ਸੌ ਕਰੋੜ ਤੱਕ ਪਹੁੰਚ ਰਿਹਾ ਹੈ।
ਖੰਨਾ ਪੁਲਿਸ ਦੇ ਅਨੁਸਾਰ ਨਵਾਂ ਮੁਕੱਦਮਾ ਡਾ. ਮਨਪ੍ਰੀਤ ਸਿੰਘ ਵਾਸੀ 17-ਏ, ਫਰੇਡਜ਼ ਕਾਲੋਨੀ, ਇਨਕਲੇਵ ਜੀਰਕਪੁਰ (ਐਸਏਐਸ ਨਗਰ) ਦੀ ਸ਼ਿਕਾਇਤ ’ਤੇ ਦਰਜ ਕੀਤਾ ਗਿਆ। ਸ਼ਿਕਾਇਤ ਅਨੁਸਾਰ,




ਆਰਗੈਨਿਕ ਖੇਤੀ ਦੇ ਨਾਂ ’ਤੇ 29,70,000 ਰੁਪਏ ਦੀ ਧੋਖਾਧੜੀ ਕੀਤੀ ਗਈ ਹੈ। ਇਹ ਧੋਖਾਧੜੀ ਕਈ ਲੋਕਾਂ ਵੱਲੋਂ ਮਿਲ ਕੇ ਇੱਕ ਸੰਗਠਿਤ ਢੰਗ ਨਾਲ ਕੀਤੀ ਗਈ। ਮਾਮਲੇ ਵਿੱਚ ਜਿਨ੍ਹਾਂ ਲੋਕਾਂ ਖ਼ਿਲਾਫ ਨਵਾਂ ਕੇਸ ਦਰਜ ਕੀਤਾ ਗਿਆ ਹੈ, ਉਨ੍ਹਾਂ ਵਿੱਚ ਹਰੀ ਓਮ ਸੈਣੀ ਵਾਸੀ ਡਾਡੋਲਾ ਜਿਲ੍ਹਾ ਪਾਣੀਪਤ, ਬਿਕਰਮਜੀਤ ਸਿੰਘ (ਮਾਲਕ — ਜਨਰੇਸ਼ਨ ਆਫ ਫਾਰਮਿੰਗ) ਵਾਸੀ ਪਿੰਡ ਗਹਿ-ਲੇਵਾਲ ਜਿਲ੍ਹਾ ਲੁਧਿਆਣਾ, ਜਸਪ੍ਰੀਤ ਸਿੰਘ ਵਾਸੀ ਜਲਣ-ਪੁਰ, ਪਰਵਿੰਦਰ ਸਿੰਘ ਅਤੇ ਬਾਬਰ ਸਿੰਘ ਵਾਸੀ ਪਿੰਡ ਬੈਣਾਂ ਬੁਲੰਦ ਜਿਲ੍ਹਾ ਫਤਿਹਗੜ੍ਹ ਸਾਹਿਬ, ਨਵੀਨ ਬੌਸ਼ ਵਾਸੀ ਸੋਨੀਪਤ (ਗਲੋਬਲ ਹੈਡ), ਅਵਤਾਰ ਸਿੰਘ ਕੰਗ ਵਾਸੀ ਖੀਰਨੀਆ, ਅਮਿਤ ਖੁੱਲਰ ਵਾਸੀ ਫਿਰੋਜ਼ਪੁਰ, ਸਤਵਿੰਦਰ ਸਰਮਾ ਉਰਫ ਸੋਨਾ ਵਾਸੀ ਭੱਦਲਧੂਹਾ ਅਤੇ ਦਲਵੀਰ ਸਿੰਘ ਵਾਸੀ ਗਹਿਲੇਵਾਲ ਸ਼ਾਮਿਲ ਹਨ। ਜਾਂਚ ਅਨੁਸਾਰ, ਬਿਕਰਮਜੀਤ ਸਿੰਘ ਅਤੇ ਇਸਦੇ ਸਾਥੀ ਕਾਫੀ ਲੰਬੇ ਸਮੇਂ ਤੋਂ ਸੰਗਠਿਤ ਢੰਗ ਨਾਲ ਭੋਲੇ-ਭਾਲੇ ਲੋਕਾਂ ਨੂੰ ਵਧੀਆ ਆਮਦਨ ਦਾ ਲਾਲਚ ਦੇ ਕੇ ਆਪਣੇ ਵੱਖ-ਵੱਖ ਫਰਮਾਂ ਦੇ ਖਾਤਿਆਂ ਵਿੱਚ ਪੈਸੇ ਲਗਵਾਉਂਦੇ ਸਨ।ਲੋਕਾਂ ਨੂੰ ਆਰਗੈਨਿਕ ਖੇਤੀ ਦੇ ਨਾਂ ’ਤੇ ਵੱਡੇ ਮੁਨਾਫੇ ਦਿਖਾ ਕੇ ਉਨ੍ਹਾਂ ਨਾਲ ਠੱਗੀ ਕੀਤੀ ਜਾ ਰਹੀ ਸੀ। ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਇਹ ਗਿਰੋਹ ਪੰਜਾਬ, ਹਰਿਆਣਾ ਅਤੇ ਹੋਰ ਰਾਜਾਂ ਵਿਚ ਆਪਣੇ ਨੈੱਟਵਰਕ ਰਾਹੀਂ ਲੋਕਾਂ ਨਾਲ ਆਰਥਿਕ ਅਪਰਾਧ ਕਰ ਰਿਹਾ ਸੀ।

# ਇੰਡੀਗੋ ਦੀਆਂ 500 ਤੋਂ ਵੱਧ ਉਡਾਣਾਂ ਰੱਦ

**ਨਵੀਂ ਦਿੱਲੀ।** ਦੇਸ਼ ਭਰ ਵਿਚ ਇੰਡੀਗੋ ਹਵਾਈ ਉਡਾਣਾਂ ਦਾ ਸੰਕਟ ਵੱਧ ਗਿਆ ਹੈ। ਅੱਜ ਇੰਡੀਗੋ ਦੀਆਂ ਪੰਜ ਸੌ ਦੇ ਕਰੀਬ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਹਨ ਜਿਨ੍ਹਾਂ ਵਿਚ ਸਵਾ ਦੋ ਸੌ ਉਡਾਣਾਂ ਦਿੱਲੀ ਤੇ 102 ਉਡਾਣਾਂ ਬੰਗਲੁਰੂ ਵਿੱਚ ਰੱਦ ਕੀਤੀਆਂ ਗਈਆਂ ਹਨ। ਕਈ ਉਡਾਣਾਂ ਹੋਰ ਹਵਾਈ ਅੱਡਿਆਂ ਤੇ ਵੀ ਰੱਦ ਕੀਤੀਆਂ ਜਾ ਰਹੀਆਂ ਹਨ ਜਿਨ੍ਹਾਂ ਵਿਚ ਹੈਦਰਾਬਾਦ ਤੇ ਪੁਣੇ ਵਿਚ 32-32 ਉਡਾਣਾਂ ਸ਼ਾਮਲ ਹਨ। ਦਿੱਲੀ ਹਵਾਈ ਅੱਡੇ ਵਲੋਂ ਅੱਜ ਯਾਤਰੀਆਂ ਲਈ ਸਲਾਹ ਜਾਰੀ ਕਰਦਿਆਂ ਯਾਤਰੀਆਂ ਨੂੰ ਕੁਝ ਘਰੇਲੂ ਉਡਾਣਾਂ ਪ੍ਰਭਾਵਿਤ ਹੋਣ ਸੰਬੰਧੀ ਸੁਚੇਤ ਕਰਦਿਆਂ ਕਿਹਾ ਗਿਆ ਹੈ ਕਿ ਕੁਝ ਘਰੇਲੂ ਸੇਵਾਵਾਂ ਨੂੰ ਪ੍ਰਭਾਵਿਤ ਕਰਨ ਵਾਲੀਆਂ ਸੰਚਾਲਨ ਚੁਣੌਤੀਆਂ ਦੇ ਨਤੀਜੇ ਵਜੋਂ ਉਡਾਣ ਵਿੱਚ ਦੇਰੀ ਹੋ ਸਕਦੀ ਹੈ ਅਤੇ ਕਈ ਉਡਾਣਾਂ ਰੱਦ ਹੋ



ਰਹੀਆਂ ਹਨ। ਯਾਤਰੀਆਂ ਨੂੰ ਕਿਹਾ ਗਿਆ ਹੈ ਕਿ ਹਵਾਈ ਅੱਡੇ ਲਈ ਰਵਾਨਗੀ ਤੋਂ ਪਹਿਲਾਂ ਆਪਣੀ ਏਅਰਲਾਈਨ ਨਾਲ ਸਿੱਧੇ ਤੌਰ ਤੇ ਆਪਣੀ ਉਡਾਣ ਸਥਿਤੀ ਦੀ ਪੁਸ਼ਟੀ ਕਰਨ।

# ਕਿਸਾਨ ਮਜ਼ਦੂਰ ਮੋਰਚਾ ਭਾਰਤ ਦੇ ਸੱਦੇ ‘ਤੇ ਦਿੱਤਾ ਗਿਆ ਵਿਸ਼ਾਲ ਰੇਲ ਰੋਕੂ ਧਰਨਾ

**ਜੰਡਿਆਲਾ ਗੁਰੂ।** ਕਿਸਾਨ ਮਜ਼ਦੂਰ ਮੋਰਚਾ (ਭਾਰਤ) ਚੈਪਟਰ ਪੰਜਾਬ ਦੇ ਸੱਦੇ ‘ਤੇ ਕੇਂਦਰ ਸਰਕਾਰ ਵੱਲੋਂ ਬਿਜਲੀ ਅਦਾਰੇ ਨੂੰ ਪੂਰੀ ਤਰ੍ਹਾਂ ਨਿੱਜੀ ਕੰਪਨੀਆਂ ਦੇ ਹਵਾਲੇ ਕਰਨ ਦੀ ਮਨਸ਼ਾ ਨਾਲ ਲਿਆਂਦੇ ਜਾ ਰਹੇ ਬਿਜਲੀ ਸੋਧ ਬਿੱਲ 2025 ਦੇ ਖਿਲਾਫ ਅੰਮ੍ਰਿਤਸਰ-ਦਿੱਲੀ ਕੌਮੀ ਰੇਲ ਮਾਰਗ ‘ਤੇ ਵਡਾਲਾ ਜੌਹਲ ਨੇੜੇ ਰੇਲਵੇ ਲਾਈਨ ਉਪਰ ਰੇਲਾ ਦਾ ਚੱਕਾ ਜਾਮ ਕਰਨ ਲਈ ਵਿਸ਼ਾਲ ਧਰਨਾ ਦਿੱਤਾ ਗਿਆ। ਇਸ ਮੌਕੇ ਜਥੇਬੰਦੀ ਦੇ ਆਗੂਆਂ ਨੇ ਬਿਜਲੀ ਬਿੱਲ ਦਾ ਖਰੜਾ ਰੱਦ ਕਰਾਉਣ, ਪ੍ਰੀਪੇਡ ਮੀਟਰ ਉਤਾਰ ਕੇ ਪੁਰਾਣੇ ਮੀਟਰ ਲਵਾਉਣ, ਵੱਖ ਵੱਖ ਅਦਾਰਿਆਂ ਦੀਆਂ ਜਾਇਦਾਦਾਂ ਭਗਵੰਤ ਮਾਨ ਸਰਕਾਰ ਵੱਲੋਂ ਜਬਰੀ ਵੇਚਣ ਦੇ ਵਿਰੋਧ ਅਤੇ ਹੋਰ ਮਸਲਿਆਂ ਦੇ ਸਬੰਧ ਵਿੱਚ ਵਿਸ਼ਾਲ ਧਰਨਾ ਦਿੱਤਾ ਗਿਆ। ਸੀਨੀਅਰ ਕਿਸਾਨ ਆਗੂ ਸਰਵਣ ਸਿੰਘ ਪੰਧੇਰ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਇਸ ਬਿੱਲ ਤੇ ਕੇਂਦਰ ਸਰਕਾਰ ਨੂੰ ਕੋਈ ਵੀ ਇਤਰਾਜ਼ ਦਰਜ਼ ਨਹੀਂ ਕਰਵਾਇਆ ਜਾ ਰਿਹਾ ਇਸਦਾ ਮਤਲਬ ਸਾਫ ਹੈ ਕਿ ਪੰਜਾਬ



ਸਰਕਾਰ ਨੇ ਕੁਰਸੀ ਦੀ ਸਲਾਮਤੀ ਖਾਤਿਰ ਕੇਂਦਰ ਸਰਕਾਰ ਸਾਹਮਣੇ ਪੂਰੀ ਤਰ੍ਹਾਂ ਗੋਡੇ ਟੇਕ ਦਿੱਤੇ ਹਨ ਅਤੇ ਲੋਕਾਂ ਦੇ ਹੱਕ ਲੁੱਟੇ ਜਾਣ ਦਾ ਰਾਹ ਪੱਧਰਾ ਕਰਨ ਦਾ ਕੰਮ ਕੀਤਾ ਹੈ। ਉਹਨਾਂ ਕਿਹਾ ਕਿ ਪੰਜਾਬ ਦੇ ਲੋਕ ਅਜਿਹੇ ਵਿੱਚ ਚੁੱਪ ਨਹੀਂ ਬੈਠਣਗੇ ਅਤੇ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਹੋਸ਼ ਵਿੱਚ ਲਿਆਉਣ ਲਈ ਲੱਖਾਂ ਲੋਕਾਂ ਨੇ ਅੱਜ ਦੇ ਧਰਨੇ ਵਿੱਚ ਸ਼ਮੂਲੀਅਤ ਕੀਤੀ ਹੈ। ਉਨ੍ਹਾਂ ਕਿਹਾ ਕਿ ਜਨਤਾ ਨੂੰ ਖੱਜਲ ਖੁਆਰ ਕਰਨ ਦੀ ਸਾਡੀ ਬਿਲਕੁਲ ਮਨਸ਼ਾ ਨਹੀਂ ਹੈ। ਉਨ੍ਹਾਂ ਕਿਹਾ ਕਿ ਅਸੀ ਦੋ ਘੰਟੇ ਦੇ ਧਰਨੇ ਦਾ ਐਲਾਨ ਕੀਤਾ ਸੀ ਅਤੇ ਹੁਣ ਏ ਡੀ ਜੀ ਪੀ ਪਰਮਪਾਲ ਸਿੰਘ ਪਰਮਾਰ ਨੇ ਭਰੋਸਾ ਦਿੱਤਾ ਹੈ ਕਿ ਸਾਡੇ ਗ੍ਰਿਫ਼ਤਾਰ ਕੀਤੇ ਗਏ ਆਗੂ ਸਾਰੇ ਕਿਸਾਨ ਆਗੂ ਬਿਨਾ ਸ਼ਰਤ ਰਿਹਾਅ ਕੀਤੇ ਜਾਣਗੇ। ਇਸ ਮੌਕੇ ਏ ਡੀ ਜੀ ਪੀ ਪਰਮਪਾਲ ਸਿੰਘ ਪਰਮਾਰ ਨੇ ਕਿਸਾਨ ਆਗੂਆਂ ਨੂੰ ਭਰੋਸਾ ਦਿਵਾਇਆ ਕਿ ਪੁਲਿਸ ਵਲੋਂ ਪੰਜਾਬ ਭਰ ਗ੍ਰਿਫਤਾਰ ਕੀਤੇ ਗਏ ਕਿਸਾਨਾਂ ਨੂੰ ਤੁਰੰਤ ਰਿਹਾਅ ਕਰ ਦਿੱਤਾ ਜਾਵੇਗਾ। ਅੱਜ ਦੇ ਧਰਨੇ ਵਿੱਚ ਵੱਡੀ ਗਿਣਤੀ ਵਿੱਚ ਕਿਸਾਨ ਸ਼ਾਮਲ ਸਨ।

Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਦੁਬਈ-ਹੈਦਰਾਬਾਦ ਉਡਾਣ ਨੂੰ ਮਿਲੀ ਬੰਬ ਨਾਲ ਉਡਾਣ ਦੀ ਧਮਕੀ



**ਹੈਦਰਾਬਾਦ।** ਰਾਜੀਵ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਤੇ ਅੱਜ ਧਮਕੀ ਭਰਿਆ ਈਮੇਲ ਆਇਆ ਜਿਸ ਵਿਚ ਅਮੀਰਾਤ ਦੀ ਦੁਬਈ-ਹੈਦਰਾਬਾਦ ਉਡਾਣ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ ਗਈ ਜਿਸ ਕਾਰਨ ਹਵਾਈ ਅੱਡੇ ਤੇ ਜਹਾਜ਼ ਦੇ ਉਤਰਨ ਤੋਂ ਬਾਅਦ ਸੁਰੱਖਿਆ ਪ੍ਰਬੰਧਾਂ ਵਜੋਂ ਜਾਂਚ ਕੀਤੀ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਅੱਜ ਦੁਬਈ ਤੋਂ ਹੈਦਰਾਬਾਦ ਉਡਾਣ ਵਿਚ ਅੱਜ ਸਵੇਰੇ 7.30 ਵਜੇ ਹੈਦਰਾਬਾਦ ਹਵਾਈ ਅੱਡੇ ਤੇ ਈਮੇਲ ਆਇਆ। ਇਹ ਉਡਾਣ ਸਵੇਰੇ 8.30 ਵਜੇ ਹੈਦਰਾਬਾਦ ਵਿੱਚ ਸੁਰੱਖਿਅਤ ਉਤਰੀ। ਇਸ ਤੋਂ ਬਾਅਦ ਜਹਾਜ਼ ਵਿਚਲੇ ਸਮਾਨ ਅਤੇ ਯਾਤਰੀਆਂ ਦੀ ਜਾਂਚ ਕੀਤੀ ਗਈ। ਇਸ ਮੌਕੇ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਤਿਆਰ ਕੀਤੀਆਂ ਗਈਆਂ ਤੇ ਬੰਬ ਤੇ ਡੌਗ ਸਕੁਐਡ ਨੇ ਜਾਂਚ ਕੀਤੀ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : **Devinder Chander**
**Mob: 07878 456 484**
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਪਰਿਸ਼ਦ ਚੋਣਾਂ: ਰਾਜਾ ਵੜਿੰਗ ਵੱਲੋਂ ਪੁਲੀਸ ਅਫ਼ਸਰਾਂ ਨੂੰ ਲਲਕਾਰ

**ਚੰਡੀਗੜ੍ਹ।** ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਜ਼ਿਲ੍ਹਾ ਪਰਿਸ਼ਦ ਅਤੇ ਪੰਚਾਇਤ ਸਮਿਤੀ ਚੋਣਾਂ ’ਚ ਕਾਂਗਰਸੀ ਉਮੀਦਵਾਰਾਂ ਨਾਲ ਹੋਈ ਧੱਕੇਸ਼ਾਹੀ ਦੇ ਹਵਾਲੇ ਨਾਲ ਪੁਲੀਸ ਅਫ਼ਸਰ ਨੂੰ ਚਿਤਾਵਨੀ ਦਿੱਤੀ ਹੈ ਕਿ ‘ਆਪ’ ਸਰਕਾਰ ਦੇ ਪਿੱਠੂ ਬਣੇ ਅਫ਼ਸਰਾਂ ਨੂੰ ਨਾ ਉਹ ਭੁੱਲਣਗੇ ਅਤੇ ਨਾ ਹੀ ਮੁਆਫ਼ ਕਰਨਗੇ। ਉਨ੍ਹਾਂ ਕਿਹਾ ਕਿ ‘ਆਪ’ ਸਰਕਾਰ ਪੰਜਾਬ ’ਚ ਮੁਨੀਸ਼ ਸਿਸੋਦੀਆ ਦੇ ‘ਸਾਮ, ਦਾਮ, ਦੰਡ, ਭੇਦ’ ਦੇ ਹੁਕਮਾਂ ’ਤੇ ਪਹਿਰਾ ਦੇ ਰਹੀ ਹੈ ਜਿਸ ਦਾ ਨਮੂਨਾ ਪੰਚਾਇਤੀ ਸੰਸਥਾਵਾਂ ਦੀਆਂ ਚੋਣਾਂ ’ਚ ਦੇਖਣ ਨੂੰ ਮਿਲਿਆ ਹੈ।

ਵੜਿੰਗ ਨੇ ਕਿਹਾ ਕਿ ਸੂਬਾ ਸਰਕਾਰ ਪੰਜਾਬ ’ਚ ਅਰਾਜਕਤਾ ਫੈਲਾਉਣ ਦੇ ਰਾਹ ਪਈ ਹੈ। ਉਨ੍ਹਾਂ ਕਿਹਾ ਕਿ ਅਸਲ ਵਿੱਚ ਹਾਰ ਦੇ ਡਰੋਂ ਸੂਬਾ ਸਰਕਾਰ ਇਹ ਚੋਣਾਂ ਕਰਾਉਣਾ ਨਹੀਂ ਚਾਹੁੰਦੀ ਸੀ ਪ੍ਰੰਤੂ ਅਦਾਲਤੀ ਹੁਕਮਾਂ ਕਰਕੇ ਸਰਕਾਰ ਨੂੰ ਚੋਣਾਂ ਕਰਾਉਣੀਆਂ ਪਈਆਂ ਹਨ। ਵੜਿੰਗ ਨੇ ਕਿਹਾ ਕਿ ਹੁਣ ਸਰਕਾਰ ਜ਼ਿਆਦਤੀ ਕਰਕੇ ਚੋਣਾਂ ਜਿੱਤਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਉਮੀਦਵਾਰਾਂ ਨੂੰ ਨਾਮਜ਼ਦਗੀ ਪੱਤਰ ਦਾਖਲ ਕਰਨ ਤੋਂ ਰੋਕਿਆ ਗਿਆ ਅਤੇ ਹੁਣ ਸਰਕਾਰ ਆਨੇ ਬਹਾਨੇ ਵਿਰੋਧੀ ਉਮੀਦਵਾਰਾਂ ਦੇ ਕਾਗ਼ਜ਼ ਵੀ ਜਾਂਚ ਮੌਕੇ ਰੱਦ ਕਰ ਸਕਦੀ ਹੈ।



ਵੜਿੰਗ ਨੇ ਕਾਂਗਰਸੀ ਉਮੀਦਵਾਰਾਂ ਨਾਲ ਹੋਈ ਧੱਕੇਸ਼ਾਹੀ ਦੇ ਵੇਰਵੇ ਵੀ ਸਾਂਝੇ ਕੀਤੇ ਅਤੇ ਕਿਹਾ ਕਿ ਹਾਕਮ ਧਿਰ ਨੇ ਸਮੁੱਚੀ ਚੋਣ ਮਸ਼ੀਨਰੀ ਨੂੰ ਹਾਈਜੈਕ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਹਾਕਮ ਪਾਰਟੀ ਤਰਨਤਾਰਨ ਦੀ ਉਪ ਚੋਣ ਲਈ ਬਦਨਾਮ ਗੈਂਗਸਟਰ ਜੱਗੂ ਭਗਵਾਨਪੁਰੀਆ ਨੂੰ ਅਸਾਮ ਜੇਲ੍ਹ ਤੋਂ ਬਟਾਲਾ ਲੈ ਕੇ ਆਈ ਸੀ ਅਤੇ ਜਲੰਧਰ ਜ਼ਿਮਨੀ ਚੋਣ ਮੌਕੇ ਇੱਕ ਹੋਰ ਗੈਂਗਸਟਰ ਨੂੰ ਵਿਸ਼ੇਸ਼ ਪੈਰੋਲ ’ਤੇ ਰਿਹਾਅ ਕੀਤਾ ਗਿਆ ਸੀ।

ਕਾਂਗਰਸ ਦੇ ਪੰਜਾਬ ਪ੍ਰਧਾਨ ਨੇ ਪਟਿਆਲਾ ਦੇ ਐੱਸ ਐੱਸ ਪੀ ਵਰੁਣ ਸ਼ਰਮਾ ਦੀ ਆਡੀਓ ਮਾਮਲੇ ’ਚ ਕਿਹਾ ਕਿ ਇਸ ਦੀ ਜਾਂਚ ਹੋਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਇਲਜ਼ਾਮ ਸੱਚ ਸਾਬਤ ਹੋਏ ਤਾਂ ਅਧਿਕਾਰੀ ਨੂੰ ਬਰਖ਼ਾਸਤ ਕੀਤਾ ਜਾਣਾ ਚਾਹੀਦਾ ਹੈ।

ਵੜਿੰਗ ਨੇ ਕਿਹਾ ਕਿ ਅਸਲ ਵਿੱਚ ਪੁਲੀਸ ਅਧਿਕਾਰੀ ਤਾਂ ਹੇਠਾਂ ਤੋਂ ਲੈ ਕੇ ਉਪਰ ਤੱਕ ‘ਆਪ’ ਦੇ ਏਜੰਡੇ ’ਤੇ ਹੀ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸੱਤਾ ਬਦਲੀ ਮਗਰੋਂ ਅਜਿਹੇ ਸਾਰੇ ਪੁਲੀਸ ਅਧਿਕਾਰੀ ਕਾਨੂੰਨ ਅਧੀਨ ਜੁਆਬਦੇਹ ਹੋਣਗੇ। ਕਿਸੇ ਵੀ ਅਜਿਹੇ ਅਧਿਕਾਰੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਕਾਂਗਰਸ ਜਾਂ ਅਕਾਲੀਆਂ ਵੱਲੋਂ ਗੈਂਗਸਟਰਾਂ ਨੂੰ ਸਰਪ੍ਰਸਤੀ ਦਿੱਤੇ ਜਾਣ ਦੀ ‘ਆਪ’ ਦੀ ਦਲੀਲ ਨੂੰ ਅਗਰ ਸੱਚ ਵੀ ਮੰਨ ਲਈਏ ਤਾਂ ਮੌਜੂਦਾ ਸਰਕਾਰ ਨੇ ਚਾਰ ਵਰ੍ਹਿਆਂ ’ਚ ਕੀ ਕੀਤਾ ਹੈ।

**ਵਿਰੋਧੀ ਹਾਰ ਤੋਂ ਘਬਰਾਏ : ਪੰਨੂ**

ਆਮ ਆਦਮੀ ਪਾਰਟੀ ਦੇ ਬੁਲਾਰੇ ਬਲਤੇਜ ਪੰਨੂ ਨੇ ਪਲਟਵਾਰ ਕਰਦਿਆਂ ਕਿਹਾ ਕਿ ਅਸਲ ਵਿੱਚ ਵਿਰੋਧੀ ਸਿਆਸੀ ਧਿਰਾਂ ਨੂੰ ਇਨ੍ਹਾਂ ਚੋਣਾਂ ’ਚ ਹਾਰ ਸਾਫ਼ ਨਜ਼ਰ ਆ ਰਹੀ ਹੈ ਅਤੇ ਇਸ ਹਾਰ ਤੋਂ ਬੌਖਲਾਹਟ ’ਚ ਆ ਕੇ ਵਿਰੋਧੀ ਆਗੂ ਝੂਠੇ ਇਲਜ਼ਾਮ ਲਾ ਰਹੇ ਹਨ। ਪੰਨੂ ਨੇ ਕਿਹਾ ਕਿ ਹਾਰ ਨੂੰ ਦੇਖਦਿਆਂ ਵਿਰੋਧੀ ਪਹਿਲਾਂ ਹੀ ਝੂਠਾ ਰੌਲਾ ਪਾਉਣ ਲੱਗ ਪਏ ਹਨ।

## ਡੂੰਘੀ ਖੱਡ ਵਿੱਚ ਕਾਰ ਡਿੱਗਣ ਕਾਰਨ ਮਾਂ-ਪੁੱਤ ਸਮੇਤ 5 ਵਿਅਕਤੀਆਂ ਦੀ ਮੌਤ



**ਚੰਪਾਵਤ।** ਪਿਥੌਰਾਗੜ੍ਹ ਜ਼ਿਲ੍ਹੇ ਦੇ ਸੇਰਾਘਾਟ ਖੇਤਰ ਤੋਂ ਚੰਪਾਵਤ ਦੇ ਪਾਟੀ ਆਏ ਬਰਾਤੀਆਂ ਦੀ ਕਾਰ ਦੇਰ ਰਾਤ ਹਾਦਸਾਗ੍ਰਸਤ ਹੋ ਗਈ। ਬੀਤੀ ਦੇਰ ਰਾਤ ਪਾਟੀ ਦੇ ਬਾਲਾਤੜੀ ਤੋਂ ਵਾਪਸ ਪਰਤਦੇ ਸਮੇਂ, ਬਰਾਤੀਆਂ ਦੀ ਕਾਰ ਘਾਟ ਦੇ ਆਸ-ਪਾਸ ਦੇ ਖੇਤਰ ਵਿੱਚ ਇੱਕ ਡੂੰਘੀ ਖੱਡ ਵਿੱਚ ਡਿੱਗ ਗਈ। ਹਾਦਸੇ ਵਿੱਚ ਮਾਂ ਅਤੇ ਬੇਟੇ ਸਮੇਤ ਪੰਜ ਵਿਅਕਤੀਆਂ ਦੀ ਮੌਤ ਹੋ ਗਈ। ਪੰਜ ਹੋਰ ਲੋਕ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਨੂੰ ਲੋਹਾਘਾਟ ਉਪ ਜ਼ਿਲ੍ਹਾ ਹਸਪਤਾਲ ਲਿਆਂਦਾ ਗਿਆ ਹੈ। ਬੋਲੇਰੋ ਗੱਡੀ ਅੰਦਰ ਦਸ ਲੋਕ ਸਨ। ਗੱਡੀ 200 ਮੀਟਰ ਡੂੰਘੀ ਖੱਡ ਵਿੱਚ ਡਿੱਗ ਗਈ। ਮ੍ਰਿਤਕਾਂ ਵਿੱਚ ਇੱਕ ਮਾਂ ਅਤੇ ਪੁੱਤਰ ਸ਼ਾਮਲ ਹਨ। ਮ੍ਰਿਤਕਾਂ ਦੀ ਪਛਾਣ ਬਿਲਾਸਪੁਰ ਦੀ ਰਹਿਣ ਵਾਲੀ ਭਾਵਨਾ ਚੌਬੇ, ਪ੍ਰਿਯਾਂਸ਼ੂ, ਪ੍ਰਕਾਸ਼ ਉਨਿਆਲ, ਕੇਵਲ ਚੰਦਰ ਉਨਿਆਲਠ ਸੁਰੇਸ਼ ਨੌਟਿਆਲ, ਦੋਵੇਂ ਪੰਤਨਗਰ ਵਜੋਂ ਹੋਈ ਹੈ। ਜ਼ਖਮੀਆਂ ਦੀ ਪਛਾਣ ਧੀਰਜ, ਰਾਜੇਸ਼, ਉਮੇਸ਼ ਚੰਦਰ, ਚੇਤਨ ਚੌਬੇ, ਭਾਸਕਰ ਪਾਂਡਾ, ਡਰਾਈਵਰ ਦੇਵਦੱਤ ਵਾਸੀ ਸੱਲਾ ਭਟਕੋਟ ਅਤੇ ਸੇਰਾਘਾਟ, ਪਿਥੌਰਾਗੜ੍ਹ ਵਜੋਂ ਹੋਈ ਹੈ।




# ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੀ ਅਹਿਮ ਮੀਟਿੰਗ ਹੋਈ

## 17 ਦਸੰਬਰ ਨੂੰ ਪੈਨਸ਼ਨ ਦਿਵਸ ਮਨਾਇਆ ਜਾਵੇਗਾ – ਸੁੱਚਾ ਸਿੰਘ

**ਕਪੂਰਥਲਾ, ( ਕੌੜਾ )–** ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਰਜਿ ਜ਼ਿਲ੍ਹਾ ਕਪੂਰਥਲਾ ਦੀ ਭਰਵੀਂ ਮੀਟਿੰਗ ਜ਼ਿਲ੍ਹਾ ਪ੍ਰਧਾਨ ਸੁੱਚਾ ਸਿੰਘ ਅਤੇ ਜਨਰਲ ਸਕੱਤਰ ਗੁਰਦੀਪ ਸਿੰਘ ਦੀ ਅਗਵਾਈ ਹੇਠ ਹੋਈ।ਇਸ ਦੌਰਾਨ ਵਿਛੜੇ ਪੈਨਸ਼ਨਰਜ਼ ਜਿਨ੍ਹਾਂ ਵਿੱਚ ਪ੍ਰਿੰਸੀਪਲ ਵਰਿਆਮ ਸਿੰਘ ਫਾਊਂਡੇਸ਼ਨ ਪ੍ਰਧਾਨ ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ, ਪੂਰਨ ਸਿੰਘ ਸੇਵਾ ਮੁਕਤ ਅਧਿਆਪਕ ਤੇ ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਚਰਨਜੀਤ ਸਿੰਘ ਵਾਈਸ ਪ੍ਰਧਾਨ ਦੇ ਭਰਾ ਕਰਮਜੀਤ ਸਿੰਘ ਢਿੱਲੋਂ ਅਤੇ ਪ੍ਰਿੰਸੀਪਲ ਤਰਸੇਮ ਲਾਲ ਦੇ ਵੱਡੇ ਸਪੁੱਤਰ ਜਸਵੀਰ ਸਿੰਘ ਦੀ ਮੌਤ ਤੇ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸ ਦੌਰਾਨ ਪਰਿਵਾਰ ਨਾਲ ਜਥੇਬੰਦੀ ਵੱਲੋਂ ਸੰਵੇਦਨਾ ਵੀ ਜਾਹਿਰ ਕੀਤੀ ਗਈ।

ਸੁੱਚਾ ਸਿੰਘ ਸੁਲਤਾਨਪੁਰ ਲੋਧੀ ਨੇ ਜਥੇਬੰਦੀ ਨੂੰ ਹੋਰ ਮਜਬੂਤ ਕਰਨ ਲਈ ਮੈਂਬਰਾਂ ਨੂੰ ਬੇਨਤੀ ਕੀਤੀ ਕਿ ਅਤੇ ਸੰਘਰਸ਼ ਦੇ ਪਿੜਾਂ ਨੂੰ ਹੋਰ ਮੰਗਾਉਣ ਦੀ ਅਪੀਲ ਕੀਤੀ । ਸਰਬ ਸੰਮਤੀ ਨਾਲ ਇਸ ਦੌਰਾਨ ਫੈਸਲਾ ਕੀਤਾ ਗਿਆ ਕਿ 17 ਦਸੰਬਰ ਨੂੰ ਪੈਨਸ਼ਨਰ ਦਿਵਸ ਸ਼੍ਰੀ ਗੁਰੂ ਨਾਨਕ ਜ਼ਿਲ੍ਹਾ ਲਾਇਬ੍ਰੇਰੀ ਵਿਖੇ 11 ਵਜੇ ਮਨਾਇਆ ਜਾਵੇਗਾ। ਇਸ ਦੌਰਾਨ 80 ਸਾਲ ਅਤੇ 75 ਸਾਲ ਦੀ ਉਮਰ ਪਾਰ ਕਰ ਚੁੱਕੇ ਪੈਨਸ਼ਨਰਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਵੀ ਕੀਤਾ ਜਾਵੇਗਾ। ਮੀਟਿੰਗ ਵਿੱਚ ਸਰਬ ਸੰਮਤੀ ਨਾਲ ਇਹ ਵੀ ਮਤਾ ਪਾਸ ਕੀਤਾ ਗਿਆ ਕਿ 1-1-16 ਤੋਂ ਪਹਿਲਾਂ ਸੇਵਾ ਮੁਕਤ ਹੋਏ ਮੁਲਾਜ਼ਮਾਂ ਨੂੰ 2.59 ਗੁਣਾਕ ਨਾਲ ਸੋਧ ਕੇ ਪੈਨਸ਼ਨ ਜਾਰੀ ਕੀਤੀ ਜਾਵੇ। ਕੇਂਦਰ ਨਾਲੋਂ 16 ਫੀਸਦੀ ਘੱਟ ਦਿੱਤਾ ਜਾ ਰਿਹਾ ਡੀ ਏ ਦਾ ਬਕਾਇਆ ਸਮੇਤ ਤੁਰੰਤ ਦਿੱਤਾ ਜਾਵੇ,ਪੁਰਾਣੀ ਪੈਨਸ਼ਨ ਲਾਗੂ ਕੀਤੀ ਜਾਵੇ, ਮੈਡੀਕਲ ਰਿਬਰਸਮੈਂਟ ਦੇ ਕੇਸਾਂ ਦਾ ਨਿਪਟਾਰਾ ਤੁਰੰਤ ਕੀਤਾ ਜਾਵੇ। ਇਸ ਦੇ ਨਾਲ ਹੀ ਚਾਰ ਲੇਬਰ ਕੋਡ ਵਾਪਸ ਲੈ ਜਾਣ ਅਤੇ ਕਿਰਤੀ ਕਾਮਿਆਂ ਦੇ ਹਿੱਤਾਂ ਦੀ ਰਾਖੀ ਕੀਤੀ ਜਾਵੇ ਨਾ ਕਿ ਉਹਨਾਂ ਦੀ ਸਰਮਾਏਦਾਰਾਂ ਦੇ ਰੈਮੋ ਕਰਮ ਤੇ ਛੱਡਿਆ ਜਾਵੇ, ਬਿਜਲੀ ਸੋਧ ਬਿੱਲ ਵਾਪਸ ਲਿਆ ਜਾਵੇ, ਬਿਜਲੀ ਅਤੇ ਹੋਰ ਲੋਕ ਅਦਾਰਿਆਂ ਦੀਆਂ ਜਾਇਦਾਦਾਂ ਦੇ ਹਥਿਆਉਣ ਦੇ ਵੇਚਣ ਦੀ ਨੀਤੀ ਬੰਦ ਕੀਤੀ ਜਾਵੇ ।



ਇਸ ਮੌਕੇ ਤੇ ਜਗਜੀਤ ਸਿੰਘ, ਵਿਨੋਦ ਕਪੂਰ ,ਦਲੀਪ ਸਿੰਘ, ਗੁਰਚਰਨ ਸਿੰਘ ਘੁੰਮਣ, ਜਸਵੰਤ ਸਿੰਘ ਵਿਰਦੀ ,ਗੁਰਦਿਆਲ ਸਿੰਘ, ਜੋਗਾ ਸਿੰਘ, ਰਣਜੀਤ ਸਿੰਘ, ਰਾਜਕੁਮਾਰ, ਸੁਖਵਿੰਦਰ ਸਿੰਘ ਚੀਮਾ, ਗੁਰਦੇਵ ਸਿੰਘ, ਤਰਸੇਮ ਕੁਮਾਰ ਸ਼ਾਸਤਰੀ ,ਤਰਲੋਚਨ ਸਿੰਘ ,ਸਾਧੂ ਸਿੰਘ ਬਿਧੀਪੁਰ, ਰਣਜੀਤ ਸਿੰਘ, ਸੁਕੇਸ਼ ਜੋਸ਼ੀ ,ਸ਼ਕਤੀ ਸਰੂਪ ,ਰਕੇਸ਼ ਚੰਦਰ, ਕੁਲਦੀਪ ਕੌਰ, ਸੰਤੋਸ਼ ਭੱਲਾ, ਸੁਖਜੀਤ ਕੌਰ, ਉਸ਼ਾ ਸ਼ਰਮਾ ਅਤੇ ਸੇਵਾ ਮੁਕਤ ਇੰਸਪੈਕਟਰ ਜਸਕਰਨ ਸਿੰਘ ਆਦਿ ਹਾਜ਼ਰ ਸਨ।

# ਬਰਤਾਨੀਆ ਦੇ ਪ੍ਰਧਾਨ ਮੰਤਰੀ ਵੱਲੋਂ ਹਰ ਸਾਲ ਕ੍ਰਿਸਮਸ ਮੌਕੇ ਆਪਣੇ ਗ੍ਰਹਿ ਵਿਖੇ ਕੀਤੀ ਜਾਂਦੀ ਪਾਰਟੀ ਚ ਸ਼ਾਮਿਲ ਹੋਇਆ ਪਗੜੀਧਾਰੀ ਸਿੱਖ

## ਅਕਾਲੀ ਦਲ ਬਾਦਲ ਅਤੇ ਕਪੂਰਥਲਾ ਜ਼ਿਲ੍ਹੇ ਨਾਲ ਸਬੰਧਿਤ ਮੁਖਤਿਆਰ ਸਿੰਘ ਝੰਡੇਰ ਨੇ ਪ੍ਰਧਾਨ ਮੰਤਰੀ ਕੀਟ ਸਟਾਰਮਰ ਨੂੰ ਦਿੱਤੀ ਕ੍ਰਿਸਮਿਸ ਅਤੇ ਨਵੇਂ ਸਾਲ ਦੀ ਮੁਬਾਰਕਬਾਦ

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)–** ਬਰਤਾਨੀਆ ਦੇ ਪ੍ਰਧਾਨ ਮੰਤਰੀ ਵੱਲੋਂ ਹਰ ਸਾਲ ਕ੍ਰਿਸਮਸ ਮੌਕੇ ਆਪਣੇ ਗ੍ਰਹਿ ਵਿਖੇ ਕੀਤੀ ਜਾਂਦੀ ਕ੍ਰਿਸਮਸ ਟਰੀ ਪਾਰਟੀ ਵਿੱਚ ਇਸ ਵਾਰ ਇੰਗਲੈਂਡ ਦੇ ਸ਼ਹਿਰ ਲੈਸਟਰ ਦੇ ਪੰਜਾਬੀ ਮੁਖਤਿਆਰ ਸਿੰਘ ਝੰਡੇਰ ਜੋ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਆਗੂ ਹਨ ਅਤੇ ਜ਼ਿਲ੍ਹਾ ਕਪੂਰਥਲਾ ਨਾਲ ਸੰਬੰਧਿਤ ਹਨ, ਨੂੰ ਇਕਲੋਤੇ ਪਗੜੀ ਧਾਰੀ ਪੰਜਾਬੀ ਵਜੋਂ ਸ਼ਾਮਿਲ ਹੋਣ ਦਾ ਮਾਣ ਪ੍ਰਾਪਤ ਹੋਇਆ ਹੈ । ਮੁਖਤਿਆਰ ਸਿੰਘ ਝੰਡੇਰ ਨੇ ਇਸ ਸਬੰਧੀ ਅਜੀਤ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹਨਾਂ ਦੀ ਬੇਟੀ ਹਰਕਮਲ ਕੌਰ ਪਿਛਲੇ ਕੁਝ ਸਮੇਂ ਤੋਂ ਬਰਤਾਨੀਆ ਪੁਲਿਸ ਵਿੱਚ ਸੇਵਾਵਾਂ ਨਿਭਾ ਰਹੀ ਹੈ ਤੇ ਇਸ ਦੇ ਚਲਦਿਆਂ ਹੀ ਕੁਝ ਦਿਨ ਪਹਿਲਾਂ ਉਹਨਾਂ ਨੂੰ ਅਤੇ ਉਹਨਾਂ ਦੀ ਬੇਟੀ ਨੂੰ ਕ੍ਰਿਸਮਿਸ ਮੌਕੇ ਹਰ ਸਾਲ ਹੋਣ ਵਾਲੀ ਪ੍ਰਧਾਨ ਮੰਤਰੀ ਦੇ ਗ੍ਰਹਿ ਵਿਖੇ ਪਾਰਟੀ ਚ ਸ਼ਾਮਿਲ ਹੋਣ ਦਾ ਸੱਦਾ ਮਿਲਿਆ। ਜਿਸ ਤੋਂ ਬਾਅਦ ਉਹ ਆਪਣੀ ਬੇਟੀ ਸਮੇਤ ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਟ ਸਟਾਰਮਰ ਦੇ ਸੱਦੇ ਤੇ ਉਨਾਂ ਦੇ ਗ੍ਰਹਿ ਵਿਖੇ ਪਾਰਟੀ ਦੇ ਸ਼ਾਮਿਲ ਹੋਣ ਲਈ ਪੁੱਜੇ, ਜਿੱਥੇ ਉਹਨਾਂ ਨੇ ਪ੍ਰਧਾਨ ਮੰਤਰੀ ਕੀਟ ਸਟਾਰਮਰ ਨੂੰ ਮਿਲ ਕੇ ਕ੍ਰਿਸਮਿਸ ਅਤੇ ਨਵੇਂ ਸਾਲ ਦੀਆਂ ਮੁਬਾਰਕਾਂ ਦਿੱਤੀਆਂ। ਜ਼ਿਕਰਯੋਗ ਹੈ ਕਿ ਇਸ ਪਾਰਟੀ ਚ ਕੇਵਲ ਤੇ ਕੇਵਲ ਪਗੜੀਧਾਰੀ ਪੰਜਾਬੀ ਵਜੋਂ ਸ ਮੁਖਤਿਆਰ ਸਿੰਘ ਝੰਡੇਲ ਹੀ ਸ਼ਾਮਿਲ ਹੋਏ ਸਨ,ਉਹਨਾਂ ਨੇ ਦੱਸਿਆ ਕਿ ਉਹਨਾਂ ਵੱਲੋਂ ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਟ ਸਟਾਰਮਰ ਨਾਲ ਕੁਝ ਸਮਾਂ ਮੁਲਾਕਾਤ ਕੀਤੀ ਗਈ , ਉਹਨਾਂ ਦੱਸਿਆ ਕਿ ਇਸ ਮੌਕੇ ਤੇ ਪ੍ਰਧਾਨ ਮੰਤਰੀ ਕੀਟ ਸਟਾਰਮਰ ਨੇ ਬਹੁਤ ਹੀ ਵਧੀਆ ਮਾਹੌਲ ਅਤੇ ਖੁਸ਼ੀ ਵਾਲੇ ਲਹਿਜੇ ਨਾਲ ਉਹਨਾਂ ਨਾਲ ਗੱਲਬਾਤ ਕੀਤੀ। ਸ ਮੁਖਤਿਆਰ ਸਿੰਘ ਝੰਡੇਰ ਨੇ ਦੱਸਿਆ ਕਿ ਉਹ ਦੋ ਤਿੰਨ ਦਿਨ ਪਹਿਲਾਂ ਹੀ ਕਿਸੇ ਜਰੂਰੀ ਕੰਮ ਲਈ ਪੰਜਾਬ ਗਏ ਹੋਏ ਸਨ, ਪਰੰਤੂ ਉਹਨਾਂ ਦੀ ਬੇਟੀ ਵੱਲੋਂ ਜਦ ਉਹਨਾਂ ਨੂੰ ਸੱਦਾ ਪੱਤਰ ਪ੍ਰਾਪਤ ਹੋਣ ਬਾਰੇ ਜਾਣਕਾਰੀ ਦਿੱਤੀ ਗਈ ਤਾਂ ਉਹ ਕੁਝ ਘੰਟਿਆਂ ਬਾਅਦ ਹੀ ਪੰਜਾਬ ਤੋਂ ਵਾਪਸ ਯੂ ਕੇ ਲਈ ਰਵਾਨਾ ਹੋ ਗਏ ਤੇ ਅਤੇ ਪ੍ਰਧਾਨ ਮੰਤਰੀ ਦੇ ਗ੍ਰਹਿ ਵਿਖੇ ਹੋਣ ਵਾਲੀ ਕ੍ਰਿਸਮਿਸ ਪਾਰਟੀ ਚ ਸ਼ਾਮਿਲ ਹੋਏ।



**ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਟ ਸਟਾਰਮਰ ਨੂੰ ਉਨ੍ਹਾਂ ਦੇ ਗ੍ਰਹਿ ਵਿਖੇ ਕ੍ਰਿਸਮਿਸ ਪਾਰਟੀ ਮੌਕੇ ਜੱਫ਼ੀ ਪਾਈ ਕੇ ਕ੍ਰਿਸਮਿਸ ਅਤੇ ਨਵੇਂ ਸਾਲ ਦੀ ਮੁਬਾਰਕਬਾਦ ਦਿੰਦੇ ਹੋਏ ਅਕਾਲੀ ਆਗੂ ਮੁਖਤਿਆਰ ਸਿੰਘ ਝੰਡੇਰ।**
**ਤਸਵੀਰ:– ਸੁਖਜਿੰਦਰ ਸਿੰਘ ਢੱਡੇ**

## ਬਲਾਕ ਸੰਮਤੀ ਜੋਨ ਰੈਲਮਾਜਰਾ ਤੋਂ ਸ਼੍ਰੀਮਤੀ ਸੀਮਾ ਦੇਵੀ ਪਤਨੀ ਪ੍ਰਧਾਨ ਸੁਰਿੰਦਰ ਛਿੰਦਾ ਰੈਲਮਾਜਰਾ ਹੋਣਗੇ ਸਰਬ ਸਾਂਝੀ ਅਜ਼ਾਦ ਉਮੀਦਵਾਰ

**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ)–** ਉੱਘੇ ਸਮਾਜ ਸੇਵੀ ਪ੍ਰਧਾਨ ਸੁਰਿੰਦਰ ਛਿੰਦਾ ਰੈਲਮਾਜਰਾ ਦੀ ਪਤਨੀ ਸ਼੍ਰੀਮਤੀ ਸੀਮਾ ਦੇਵੀ ਨੂੰ ਸਰਬ ਸਾਂਝੀ ਅਜ਼ਾਦ ਉਮੀਦਵਾਰ ਐਲਾਨਿਆ ਗਿਆ ਹੈ। ਇਸ ਸਬੰਧੀ ਗੱਲਬਾਤ ਕਰਦੇ ਹੋਏ ਪ੍ਰਧਾਨ ਸੁਰਿੰਦਰ ਛਿੰਦਾ ਰੈਲਮਾਜਰਾ ਨੇ ਕਿਹਾ ਕਿ ਉਹਨਾਂ ਦੀ ਪਤਨੀ ਅਜ਼ਾਦ ਤੋਰ ਤੇ ਚੋਣ ਲੜ ਰਹੇ ਹਨ ਜੋ ਕਿ ਭਾਰੀ ਬਹੁਮਤ ਨਾਲ ਜਿੱਤ ਹਾਸਿਲ ਕਰਨਗੇ । ਉਹਨਾਂ ਕਿਹਾ ਕਿ ਮੌਜੂਦਾ ਆਮ ਆਦਮੀ ਪਾਰਟੀ ਦੀਆ ਨੀਤੀਆਂ ਤੋਂ ਲੋਕ ਢਾਡੇ ਦੁਖੀ ਹਨ ਜਿਸ ਤੋਂ ਹਰ ਦੇਸ਼ ਵਾਸੀ ਬਦਲਾਅ ਦੇਖਣਾ ਚਾਹੁੰਦੇ ।ਇਸ ਲਈ ਇਲਾਕੇ ਦੇ ਲੋਕਾਂ ਵਲੋਂ ਉਨ੍ਹਾਂ ਨੂੰ ਸਰਬ ਸਾਂਝੀ ਅਜ਼ਾਦ ਵਜੋਂ ਉਮੀਦਵਾਰ ਐਲਾਨਿਆ ਗਿਆ। ਛਿੰਦਾ ਨੇ ਆਪਣੇ ਹਲਕੇ ਦੇ ਵੋਟਰਾਂ ਨੂੰ ਅਪੀਲ ਕੀਤੀ ਹੈ ਉਨ੍ਹਾਂ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਚੰਗੀ ਲੀਡ ਨਾਲ ਜਿਤਾਉ।



The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਕਿਸਾਨ ਮਜਦੂਰ ਮੋਰਚਾ (ਭਾਰਤ) ਦੇ ਆਗੂਆਂ ਤੇ ਕਾਰਕੁਨਾਂ ਨੂੰ ਗ੍ਰਿਫਤਾਰ ਕਰਨ ਦੀ ਨਿਖੇਧੀ

## ਗ੍ਰਿਫਤਾਰ ਕੀਤੇ ਆਗੂਆਂ ਤੇ ਕਾਰਕੁਨਾਂ ਨੂੰ ਤੁਰੰਤ ਰਿਹਾ ਕੀਤਾ ਜਾਵੇ : ਜਮਹੂਰੀ ਅਧਿਕਾਰ ਸਭਾ

ਸੰਗਰੂਰ :- ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਨੂੰ ਨਿੱਜੀ ਹੱਥ ਵਿਚ ਦੇਣ ਦੀ ਮਨਸਾ ਨਾਲ ਕੇਂਦਰ ਸਰਕਾਰ ਵੱਲੋਂ ਲਿਆਂਦੇ ਜਾ ਰਹੇ ਬਿਜਲੀ ਸੋਧ ਬਿਲ 2025 ਨੂੰ ਵਾਪਸ ਕਰਵਾਉਣ ਲਈ ਕਿਸਾਨ ਮਜਦੂਰ ਮੋਰਚਾ (ਭਾਰਤ) ਵੱਲੋਂ ਅੱਜ ਰੇਲਾਂ ਰੋਕਣ ਜਾ ਰਹੇ ਮੋਰਚੇ ਸੰਗਰੂਰ ਜ਼ਿਲ੍ਹੇ ਦੇ ਆਗੂਆਂ ਤੇ ਸੈਂਕੜੇ ਵਰਕਰਾਂ ਸਮੇਤ ਔਰਤਾਂ ਨੂੰ ਗ੍ਰਿਫਤਾਰ ਕਰਨ ਦੀ ਜਮਹੂਰੀ ਅਧਿਕਾਰ ਸਭਾ ਪੰਜਾਬ ਇਕਾਈ ਸੰਗਰੂਰ ਨਿਖੇਧੀ ਕਰਦਿਆਂ ਇਸ ਨੂੰ ਕੇਂਦਰ ਸਰਕਾਰ ਦੇ ਇਸ਼ਾਰੇ ਤੇ ਪੰਜਾਬ ਸਰਕਾਰ ਦਾ ਤਾਨਾਸ਼ਾਹੀ ਕਦਮ ਕਰਾਰ ਦਿੱਤਾ ਹੈ ।

ਜਿਲ੍ਹਾ ਇਕਾਈ ਦੇ ਪ੍ਰਧਾਨ ਜਗਜੀਤ ਭੁਟਾਲ, ਜਨਰਲ ਸਕੱਤਰ ਕੁਲਦੀਪ ਸਿੰਘ, ਵਿਤ ਸੱਕਤਰ ਮਨਧੀਰ ਸਿੰਘ ਰਾਜੋਮਾਜਰਾ ਅਤੇ ਪ੍ਰੈਸ ਸਕੱਤਰ ਜੁਝਾਰ ਲੌਂਗੋਵਾਲ ਨੇ ਪ੍ਰੈਸ ਨੂੰ ਜਾਰੀ ਇਕ ਸਾਂਝੇ ਪ੍ਰੈਸ ਬਿਆਨ ਰਾਹੀਂ ਆਖਿਆ ਹੈ ਕਿ ਆਪਣੀਆਂ ਮੰਗਾਂ ਨੂੰ ਲੈਕੇ ਸੰਘਰਸ਼ ਕਰਨਾ ਹਰ ਇੱਕ ਦਾ ਸੰਵਿਧਾਨਿਕ ਅਤੇ ਜਮਹੂਰੀ ਹੱਕ ਹੈ। ਕੇ ਕੇ ਐਮ (ਭਾਰਤ) ਵੱਲੋ ਉਲੀਕੇ



ਪ੍ਰੋਗਰਾਮ ਮੁਤਾਬਕ ਸੁਨਾਮ ਰੇਲਵੇ ਸਟੇਸ਼ਨ ਤੇ ਰੇਲਾਂ ਰੋਕਣ ਲਈ ਧਰਨਾ ਲਗਾਉਣਾਂ ਸੀ। ਪਰ ਸੁਨਾਮ ਵਿਖੇ ਭਾਰੀ ਪੁਲਿਸ ਫੋਰਸ ਦਾ ਪ੍ਰਬੰਧ ਕੀਤਾ ਹੋਣ ਕਰਕੇ ਧਰਨਾਂ ਲੱਗਣ ਨਹੀਂ ਦਿੱਤਾ ਗਿਆ। ਮੋਰਚੇ ਦੇ ਆਗੂਆਂ ਨੇ ਆਪਣੇ ਵਰਕਰਾਂ ਸਮੇਤ ਛਾਜਲੀ ਰੇਲਵੇ ਸਟੇਸ਼ਨ ਤੇ ਸ਼ਾਤਮਈ ਧਰਨਾ ਲਗਾ ਦਿੱਤਾ, ਜੋ ਕਿ ਉਨ੍ਹਾਂ ਦਾ ਜਮਹੂਰੀ ਹੱਕ ਹੈ। ਪਰ ਅੱਧੇ ਘੰਟੇ ਐਸ ਐਸ ਪੀ ਦੀ ਅਗਵਾਈ ਹੇਠ ਪਹੁੰਚੀ ਪੁਲਿਸ ਫੋਰਸ ਨੇ ਬੀਕੇਯੂ ਅਜਾਦ ਦੇ ਆਗੂ ਜਸਵੀਰ ਸਿੰਘ ਮੈਦੇਵਾਸ, ਸੰਤ ਰਾਮ ਛਾਜਲੀ ਤੇ ਸੁਖਦੇਵ ਸ਼ਰਮਾ ਭੁਟਾਲ ਜਿਲ੍ਹਾ ਆਗੂ ,ਮੱਖਣ ਸਿੰਘ ਪਾਪੜਾ ਪ੍ਰਧਾਨ ਮੂਨਕ ਬਲਾਕ, ਨਾਇਬ ਸਿੰਘ ਆਗੂ ਦਿੜ੍ਹਬਾ ਬਲਾਕ, ਹਰਭਗਵਾਨ ਭੁਟਾਲ ਲਹਿਰਾ ਬਲਾਕ ਅਤੇ ਸੈਂਕੜੇ ਮਰਦਾਂ ਤੇ ਔਰਤਾਂ ਨੂੰ ਗ੍ਰਿਫਤਾਰ ਕਰਕੇ ਪੀਆਰਟੀਸੀ ਦੀ ਬੱਸਾਂ ਵਿੱਚ ਬਿਠਾ ਕੇ ਲੈ ਗਏ, ਕਿਸ ਥਾਣੇ ਲੈ ਕੇ ਗਏ ਹਨ ਕੋਈ ਪਤਾ ਨਹੀਂ। ਕੇਂਦਰ ਸਰਕਾਰ ਪਿਛਲੇ ਕਿਸਾਨ ਸੰਘਰਸ਼ ਦੌਰਾਨ ਬਿਜਲੀ ਬਿਲ ਨੂੰ ਲਾਗੂ ਨਾਂ ਕਰਨ ਦਾ ਮੰਨ ਕੇ ਹੁਣ ਉਹੀ ਬਿੱਲ ਨੂੰ ਨਵੇਂ ਨਾਂ ਹੇਠ ਲਿਆ ਕਿ ਲਾਗੂ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਬਿੱਲ ਨੂੰ ਲਾਗੂ ਕਰਵਾਉਣ ਪੰਜਾਬ ਸਰਕਾਰ ਵੀ ਪੂਰਨ ਸਹਿਯੋਗ ਦੇ ਰਹੀ ਹੈ।

ਸਭਾ ਮੰਗ ਕਰਦੀ ਹੈ ਇਸ ਧਰਨੇ ਵਿਚ ਗ੍ਰਿਫਤਾਰ ਕੀਤੇ ਸਾਰੇ ਆਗੂਆਂ ਤੇ ਸ਼ਾਮਿਲ ਵਰਕਰਾਂ ਨੂੰ ਤੁਰੰਤ ਰਿਹਾ ਕੀਤਾ ਜਾਵੇ , ਉਨ੍ਹਾਂ ਦੀਆਂ ਮੰਗਾਂ ਨੂੰ ਮੰਨਿਆ ਜਾਵੇ। ਇਸ ਧਰਨੇ ਜਿਲ੍ਹਾ ਇਕਾਈ ਦੇ ਮੈਂਬਰ ਕਰਨੈਲ ਸਿੰਘ ਛਾਜਲੀ, ਸੰਪੂਰਨ ਸਿੰਘ ਛਾਜਲੀ ਤੇ ਮਨਪ੍ਰੀਤ ਸਿੰਘ ਛਾਜਲੀ ਵੀ ਹਾਜ਼ਰ ਸਨ।

**ਜਗਜੀਤ ਭੁਟਾਲ,**
**9872071050**
**ਜੁਝਾਰ ਲੌਂਗੋਵਾਲ**
**ਪ੍ਰੈਸ ਸਕੱਤਰ**
**94654 30016**
**ਜਮਹੂਰੀ ਅਧਿਕਾਰ ਸਭਾ,**
**ਪੰਜਾਬ, ਜਿਲ੍ਹਾ ਇਕਾਈ**
**ਸੰਗਰੂਰ।**

# ਰੇਤ ਮਾਫੀਆ ਤੇ ਢੁਕਵੀਂ ਕਾਰਵਾਈ ਨਾ ਹੋਣ ਤੇ ਕਿਸਾਨ ਜਥੇਬੰਦੀਆਂ ਵੱਲੋਂ 8 ਦਸੰਬਰ ਨੂੰ ਪੁਤਲਾ ਫੂਕ ਪ੍ਰਦਰਸ਼ਨ ਤੇ ਪੁਲ ਜਾਮ ਦੀ ਚਿਤਾਵਨੀ

**ਸਿੱਧਵਾਂ ਬੇਟ ( ਹਰਜਿੰਦਰ ਸਿੰਘ ਚੰਦੀ)** -ਅੱਜ ਇੱਥੇ ਸੰਯੁਕਤ ਕਿਸਾਨ ਮੋਰਚੇ ਦੀਆਂ ਵਿਚਲੀਆਂ ਜਿਲਾ ਜਲੰਧਰ ਤੇ ਲੁਧਿਆਣਾ ਕਿਸਾਨ ਮਜਦੂਰ ਜਥੇਬੰਦੀਆਂ ਵੱਲੋਂ ਸਾਂਝੀ ਮੀਟਿੰਗ ਕੀਤੀ ਗਈ ਇਸ ਮੀਟਿੰਗ ਵਿੱਚ ਪੰਜਾਬ ਸਰਕਾਰ ਦੀ ਮੌਜੂਦਾ ਵਿਧਾਇਕ ਬੀਬੀ ਮਾਣੂਕੇ ਦੋਸ਼ ਲਗਾਉਂਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਵਿਧਾਇਕ ਦੀ ਸ਼ਹਿ ਤੇ ਰੇਤਾਂ ਦੇ ਨਜਾਇਜ਼ ਟੱਕ ਚੱਲ ਰਹੇ ਹਨ ਜੋ ਹੜਾਂ ਨਾਲ ਕਿਸਾਨ ਦੀ ਜ਼ਮੀਨ ਉੱਪਰ ਚੜੀ ਰੇਤਾਂ ਦੱਸਕੇ ਰੇਤ ਚੁੱਕ ਕੇ ਪ੍ਰਸ਼ਾਸਨ ਦੀਆਂ ਅੱਖਾਂ ਵਿੱਚ ਘੱਟਾ ਪਾ ਰਹੇ ਹਨ। ਜਦੋਂ ਕਿ ਜਿਸ ਜ਼ਮੀਨ ਵਿਚ ਨਜਾਇਜ਼ ਰੇਤਾ ਦਾ ਕਾਰੋਬਾਰ ਚਲਾਇਆ ਜਾ ਰਿਹਾ ਹੈ ਉਨ੍ਹਾਂ ਖੇਤਾਂ ਵਿਚ ਨਾ ਤਾਂ ਕਦੇ ਰੇਤਾਂ ਚੜੀ ਹੈ ਅਤੇ ਨਾ ਹੀ ਕਦੇ ਫ਼ਸਲ ਬੀਜੀ ਗਈ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਨੇ ਕਿਸਾਨਾਂ ਹਿਤੈਸ਼ੀ ਇਕ ਨਾਹਰਾ ਵੀ ਦਿੱਤਾ ਸੀ । ਜਿਸ ਕਾ ਖੇਤ ਉਸਕੀ ਰੇਤ, ਪਰ ਇਥੇ ਕੰਮ ਉਲਟ ਹੋ ਰਿਹਾ ਹੈ। ਜਥੇਬੰਦੀਆਂ ਨੇ ਕਿਹਾ ਕਿ ਖੇਤ ਵਿੱਚੋਂ ਰੇਤ ਮਜਦੂਰਾਂ ਨੂੰ ਭਰਨੀ



ਚਾਹੀਦਾ ਹੈ ਉਸਦੇ ਪੈਸੇ ਕਿਸਾਨ ਦੀ ਜੇਬ ਵਿੱਚ ਪੈਣੇ ਚਾਹੀਦੇ ਹਨ। ਪਰ ਇੱਥੇ ਰੇਤ ਮਾਫੀਆ ਪਾਬੰਦੀਸ਼ੁਦਾ ਮਸ਼ੀਨਾਂ ਲਾਕੇ ਕਿਸਾਨਾਂ ਮਜਦੂਰਾਂ ਤੇ ਸਰਕਾਰੀ ਖਜ਼ਾਨੇ ਨੂੰ ਭਾਰੀ ਚੂਨਾ ਲਾ ਰਿਹਾ ਹੈ। ਤੇ ਪ੍ਰਸ਼ਾਸਨ ਮੂਕ ਦਰਸ਼ਕ ਬਣ ਕੇ ਦੇਖ ਰਿਹਾ ਹੈ। ਆਗੂਆਂ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ 7 ਦਸੰਬਰ ਤੱਕ ਕੋਈ ਕਾਰਵਾਈ ਨਾ ਹੋਈ ਤਾਂ 8 ਦਸੰਬਰ ਨੂੰ ਡੀ ਸੀ ਅਤੇ ਐਸ ਐਸ ਪੀ ਲੁਧਿਆਣਾ ਦਾ ਪੁੱਤਲਾ ਫੂਕ ਕੇ ਸਤਲੁਜ ਪੁਲ ਜਾਮ ਕਰ ਦਿੱਤਾ ਜਾਵੇਗਾ।ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਖਹਿਰਾ ਦੇ ਸੂਬਾ ਪ੍ਰਧਾਨ ਸਰਦਾਰ ਕੇਵਲ ਸਿੰਘ ਖਹਿਰਾ, ਗੁਰਬਾਜ਼ ਸਿੰਘ, ਭਾਰਤੀ ਕਿਸਾਨ ਯੂਨੀਅਨ ਡਕਾਉਂਦਾ ਦੇ ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਲੋਹਗੜ, ਰਮਨਜੀਤ ਸਿੰਘ ਸਮਰਾ ,ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾਈ ਆਗੂ ਸੰਦੀਪ ਅਰੋੜਾ ਤੇ ਦਿਲਬਾਗ ਸਿੰਘ ਚੰਦੀ , ਬਲਜੀਤ ਸਿੰਘ ਗੋਰਸੀਆਂ ,ਜ਼ਿਲ੍ਹਾ ਪ੍ਰਧਾਨ ਦਿਹਾਤੀ ਮਜ਼ਦੂਰ ਸਭਾ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਆਗੂ ਸਰਦਾਰ ਰਾਮ ਸਿੰਘ ਕਾਇਮ ਵਾਲਾ ਅਤੇ ਬਲਰਾਜ ਸਿੰਘ ਜੀ ਜ਼ਿਲ੍ਹਾ ਪ੍ਰਧਾਨ ਜਮਹੂਰੀ ਕਿਸਾਨ ਸਭਾ ਹਾਜ਼ਰ ਸਨ।

# ਕਾਠਗੜ੍ਹ ਪੰਚਾਇਤ ਨੇ ਨੌਜਵਾਨਾਂ ਨੂੰ ਖਰੀਦ ਕੇ ਦਿੱਤਾ ਖੇਡਾਂ ਦਾ ਸਮਾਨ

**ਨਵਾਂਸ਼ਹਿਰ /ਕਾਠਗੜ੍ਹ , (ਜਤਿੰਦਰ ਪਾਲ ਸਿੰਘ ਕਲੇਰ )** ਕਸਬਾ ਕਾਠਗੜ੍ਹ ਦੀ ਪੰਚਾਇਤ ਵਲੋਂ ਪਿੰਡ ਦੇ ਨੌਜਵਾਨਾਂ ਦੀ ਮੰਗ ਉੱਤੇ ਉਹਨਾਂ ਨੂੰ ਖੇਡਾਂ ਵਾਸਤੇ ਸਮਾਨ ਖਰੀਦ ਕੇ ਦਿੱਤਾ ਗਿਆ ਹੈ। ਇਹ ਜਾਣਕਾਰੀ ਦਿੰਦੇ ਹੋਏ ਸਰਪੰਚ ਸ਼੍ਰੀਮਤੀ ਰਿਸ਼ੂ ਬਾਲਾ ਅਤੇ ਸੇਵਾਦਾਰ ਸਾਈਂ ਕਾਲੇ ਸ਼ਾਹ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਕਸਬੇ ਦੇ ਨੌਜਵਾਨਾਂ ਵਿੱਚ ਖੇਡਾਂ ਪ੍ਰਤੀ ਕਾਫੀ ਉਤਸ਼ਾਹ ਹੈ ਤੇ ਉਹ ਰੋਜ਼ਾਨਾ ਹੀ ਡੀਏਵੀ ਸੀਨੀਅਰ ਸੈਕੰਡਰੀ ਸਕੂਲ ਦੇ ਗਰਾਊਂਡ ਵਿੱਚ ਕ੍ਰਿਕਟ ਤੇ ਹੋਰ ਖੇਡਾਂ ਖੇਡਦੇ ਹਨ ਪਰੰਤੂ ਉਹਨਾਂ ਕੋਲ ਖੇਡਾਂ ਦੇ ਸਮਾਨ ਦੀ ਘਾਟ ਸੀ ਤੇ ਉਹਨਾਂ ਕੋਲ ਜੋ ਪੁਰਾਣਾ ਸਮਾਨ ਸੀ ਉਸ ਨਾਲ ਹੀ ਖੇਡਦੇ ਸਨ। ਇਹਨਾਂ ਖਿਡਾਰੀ ਨੌਜਵਾਨਾਂ ਨੇ ਖੇਡਾਂ ਦੇ ਸਮਾਨ ਦੀ ਘਾਟ ਸਬੰਧੀ ਪੰਚਾਇਤ ਦੇ ਧਿਆਨ ਵਿੱਚ ਲਿਆਂਦਾ ਜਿਸ ਤੋਂ ਬਾਅਦ ਕਾਠਗੜ੍ਹ ਗ੍ਰਾਮ ਪੰਚਾਇਤ ਨੇ ਨੌਜਵਾਨਾਂ ਨੂੰ ਕਿਹਾ ਕਿ ਜੋ ਵੀ ਸਮਾਨ ਚਾਹੀਦਾ ਹੈ ਉਹ ਖਰੀਦ ਲਿਆ ਜਾਵੇ। ਨੌਜਵਾਨਾਂ ਨੇ ਪੰਚਾਇਤ ਦੇ ਕਹਿਣ 'ਤੇ ਕ੍ਰਿਕਟ ਅਤੇ



ਬਾਲੀਵਾਲ ਖੇਡਾਂ ਨਾਲ ਸੰਬੰਧਿਤ ਸਮਾਨ ਖਰੀਦ ਕੇ ਉਸ ਦਾ ਬਿੱਲ ਜੋ ਕਿ 50,000 ਰੁਪਏ ਬਣਦਾ ਸੀ ਉਹ ਪੰਚਾਇਤ ਨੂੰ ਦੇ ਦਿੱਤਾ। ਨੌਜਵਾਨਾਂ ਵਲੋਂ ਇਸ ਉਪਰਾਲੇ ਲਈ ਪੰਚਾਇਤ ਦਾ ਧੰਨਵਾਦ ਕੀਤਾ ਗਿਆ। ਇਸ ਦੌਰਾਨ ਸੇਵਾਦਾਰ ਸਾਈਂ ਕਾਲੇ ਸ਼ਾਹ ਨੇ ਕਿਹਾ ਕਿ ਕਾਠਗੜ੍ਹ ਦੇ ਸਾਰੇ ਹੀ ਨੌਜਵਾਨ ਖੇਡਾਂ ਵਿੱਚ ਵੱਧ ਤੋਂ ਵੱਧ ਭਾਗ ਲੈਣ ਤਾਂ ਜੋ ਜਿੱਥੇ ਉਹ ਹੋਰ ਬੁਰਾਈਆਂ ਤੋਂ ਦੂਰ ਰਹਿਣਗੇ ਉਥੇ ਹੀ ਸਰੀਰਕ ਅਤੇ ਮਾਨਸਿਕ ਤੌਰ 'ਤੇ ਤੰਦਰੁਸਤ ਰਹਿਣਗੇ। ਉਹਨਾਂ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਛੋਟੇ ਬੱਚਿਆਂ ਨੂੰ ਮੋਬਾਈਲ ਵਾਲੇ ਪਾਸੇ ਤੋਂ ਹਟਾ ਕੇ ਖੇਡਾਂ ਵੱਲ ਪ੍ਰੇਰਿਤ ਕਰਨ ਦੀ ਅਹਿਮ ਲੋੜ ਹੈ ਜੇ ਕਿ ਬੱਚਿਆਂ ਦੇ ਮਾਪਿਆਂ ਨੂੰ ਅਪੀਲ ਕੀਤੀ ਹੈ ਉਹ ਆਪਣੇ ਬੱਚਿਆਂ ਇਸ ਸਬੰਧੀ ਜਾਗਰੂਕ ਕਰਨ।

# ਪੈਨਸ਼ਨਰ ਐਸੋਸੀਏਸ਼ਨ ਭਗਤਾ ਭਾਈ ਕਾ ਦੀ ਮਾਸਿਕ ਇਕੱਤਰਤਾ ਹੋਈ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਪੈਨਸ਼ਨਰ ਐਸੋਸ਼ੀਏਸ਼ਨ ਬਲਾਕ ਭਗਤਾ ਭਾਈ ਕਾ (ਬਠਿੰਡਾ) ਦੀ ਮਾਸਿਕ ਇਕੱਤਰਤਾ ਨਰੇਗਾ ਭਵਨ ਵਿੱਚ ਹੋਈ ਜਿਸ 'ਚ ਭਾਰੀ ਗਿਣਤੀ ਵਿੱਚ ਪੈਨਸ਼ਨਰ ਸਾਥੀ ਹਾਜ਼ਰ ਹੋਏ। ਮੀਟਿੰਗ ਦੇ ਆਰੰਭ ਵਿੱਚ ਮਾਸਟਰ ਉਜਾਗਰ ਸਿੰਘ ਜੀ ਢਿੱਲੋਂ ਭਗਤਾ ਭਾਈ ਕਾ ਜੋ ਬੀਤੇ ਦਿਨੀਂ 80 ਸਾਲ ਦੀ ਆਯੂ ਪੂਰੀ ਕਰ ਕੇ ਸੁਰਗ ਸਿਧਾਰ ਗਏ ਸਨ, ਉਨ੍ਹਾਂ ਨੂੰ ਦੋ ਮਿੰਟ ਦਾ ਮੋਨ ਧਾਰਨ ਕਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਉਪਰੰਤ ਮਾਸਟਰ ਨਰਿੰਦਰ ਕੁਮਾਰ ਜੀ ਭਗਤਾ ਭਾਈ ਵੱਲੋਂ ਸੰਬੋਧਨ ਕੀਤਾ ਗਿਆ ਜਿਸ ਵਿੱਚ ਉਨ੍ਹਾਂ ਕਈ ਮੁੱਦਿਆਂ ਤੇ ਗੱਲ ਕਰਦੇ ਹੋਇਆਂ ਭਾਰਤੀਯ ਸੰਵਿਧਾਨ ਦੀ ਸੰਖੇਪ ਵਿਆਖਿਆ, ਸੰਵਿਧਾਨ ਦੇ ਹੋਂਦ ਵਿੱਚ ਆਉਣ ਅਤੇ ਲਾਗੂ ਹੋਣ ਸੰਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਰ ਨਾਗਰਿਕ ਦਾ ਭਾਰਤੀਯ ਸੰਵਿਧਾਨ ਤੋਂ ਜਾਣੂ ਹੋਣਾ ਜ਼ਰੂਰੀ ਹੈ ਜੋ ਅਸਾਨੂੰ ਵੋਟ ਦੇ ਅਧਿਕਾਰ ਦੇ ਨਾਲ-ਨਾਲ ਆਜ਼ਾਦੀ ਦੇ ਪੂਰੇ-ਪੂਰੇ ਹੱਕ ਦਿੰਦਾ ਹੈ। ਭਾਰਤੀਯ ਸੰਵਿਧਾਨ ਔਰਤਾਂ ਪ੍ਰਤੀ ਸੰਵੇਦਨਾ ਵਿਅਕਤ ਕਰਦੇ ਹੋਏ ਉਨ੍ਹਾਂ ਨੂੰ ਹਰ ਖੇਤਰ ਵਿੱਚ ਪੁਰਸ਼ਾਂ ਦੇ ਬਰਾਬਰ ਹੱਕ ਪ੍ਰਦਾਨ ਕਰਦਾ ਹੈ। ਕਿਸਾਨਾਂ ਵੱਲੋਂ ਖੇਤੀਬਾੜੀ ਬਿੱਲਾਂ ਨੂੰ ਵਾਪਸ ਕਰਵਾਉਣ ਲਈ ਲਾਏ ਗਏ ਮੋਰਚੇ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਵਾਪਸੀ ਲਈ ਲਾਏ ਗਏ ਮੋਰਚੇ ਦੀ ਉਦਾਹਰਣ ਦਿੰਦੇ ਹੋਇਆਂ ਨਰਿੰਦਰ ਕੁਮਾਰ ਜੀ ਨੇ ਸਮੂਹ ਪੈਨਸ਼ਨਰ ਸਾਥੀਆਂ ਨੂੰ ਵੀ ਸਮੂਹਿਕ ਰੂਪ ਵਿੱਚ ਸੰਘਰਸ਼ ਰਤ ਹੋ ਕੇ ਆਪਣੇ ਅਧਿਕਾਰਾਂ ਲਈ ਸੁਚੇਤ ਹੋਣ ਲਈ ਪ੍ਰੇਰਿਤ ਕੀਤਾ। ਬਲਵਿੰਦਰ ਸਿੰਘ ਸੋਢੀ ਕੋਠਾ ਗੁਰੂ ਨੇ ਆਪਣੇ ਸੰਬੋਧਨ ਵਿੱਚ ਵਰਤਮਾਨ ਸਮੇਂ ਵਿੱਚ ਆਰ.ਆਰ.ਐਸ.ਵੱਲੋਂ, ਭਾਜਪਾ ਸਰਕਾਰ ਵੱਲੋਂ ਸੰਵਿਧਾਨ ਨੂੰ ਕਮਜ਼ੋਰ ਕਰਨ ਲਈ ਹਰ ਸਰਕਾਰੀ, ਪ੍ਰਾਈਵੇਟ ਅਦਾਰਿਆਂ ਵਿੱਚ ਕੱਟੜ ਧਾਰਮਿਕ ਸੋਚ ਵਾਲੇ ਅਧਿਕਾਰੀਆਂ, ਕਰਮਚਾਰੀਆਂ ਨੂੰ ਭਰਤੀ ਕਰ ਕੇ ਹਰ ਸੰਸਥਾ ਨੂੰ ਕਮਜ਼ੋਰ ਕਰਨ ਸੰਬੰਧੀ ਜਾਣਕਾਰੀ



ਮੁਹੱਈਆ ਕਰਵਾਈ। ਉਨ੍ਹਾਂ ਇਹ ਵੀ ਦੱਸਿਆ ਕਿ ਵਰਤਮਾਨ ਸਰਕਾਰਾਂ ਨੂੰ ਚੰਦ-ਕੁ ਕਾਰਪੋਰੇਟ ਘਰਾਣੇ ਹੀ ਚਲਾ ਰਹੇ ਹਨ ਅਤੇ ਕਾਰਪੋਰੇਟ ਪੱਖੀ ਕਾਨੂੰਨ ਪਾਸ ਕਰਵਾ ਕੇ ਲੋਕ ਹਿਤਾਂ ਨੂੰ ਖੋਰਾ ਲਾਇਆ ਜਾ ਰਿਹਾ ਹੈ। ਮਾਸਟਰ ਆਤਮ ਤੇਜ ਜੀ ਸ਼ਰਮਾ ਨੇ ਪੈਨਸ਼ਨਰਾਂ ਨੂੰ ਜਾਗਰੂਕ ਕਰਦੇ ਹੋਏ ਦੱਸਿਆ ਕਿ ਜਿਨ੍ਹਾਂ ਪੈਨਸ਼ਨਰਾਂ ਦੇ ਜਨਵਰੀ ਮਹੀਨੇ ਵਿੱਚ ਐਲ.ਟੀ. ਸੀ.ਬਕਾਏ (ਬੇਸਿਕ ਪੇ) ਵਜੋਂ ਮਿਲਣ ਯੋਗ ਹਨ, ਉਹ ਪੱਤਰ ਲਿਖ ਕੇ ਸਮੂਹ ਬੈਂਕ ਮੈਨੇਜਰ ਸਾਹਿਬਾਨ ਨੂੰ ਸੂਚਿਤ ਕਰਨ । ਇਸੇ ਤਰ੍ਹਾਂ ਮ੍ਰਿਤੂ ਹੋ ਚੁੱਕੇ ਜਾਂ ਮ੍ਰਿਤੂ ਹੋ ਜਾਣ ਦੀ ਸੂਰਤ ਵਿੱਚ ਕਰਮਚਾਰੀਆਂ ਦੇ ਬਕਾਇਆਂ ਦੀ ਅਦਾਇਗੀ ਲਈ ਨੌਮੀਨੇਸ਼ਨ ਫ਼ਾਰਮ ਭਰ ਕੇ ਵੀ ਬੈਂਕ ਮੈਨੇਜਰ ਨੂੰ ਦੇਣ ਸੰਬੰਧੀ ਪ੍ਰੇਰਿਤ ਕੀਤਾ। ਮਾਸਟਰ ਆਤਮ ਤੇਜ ਜੀ ਨੇ ਜਨਵਰੀ 2026 ਮਹੀਨੇ ਵਿੱਚ ਬਲਾਕ ਐਸੋਸੀਏਸ਼ਨ ਦੀ ਨਵੀਂ ਚੋਣ ਕਰਵਾਉਣ ਲਈ ਯਾਦ ਕਰਵਾਉਂਦਿਆਂ ਇਸ ਤੋਂ ਪਹਿਲਾਂ 17 ਦਸੰਬਰ 2025 ਨੂੰ 'ਪੈਨਸ਼ਨਰ ਡੇ' ਮਨਾਉਣ ਲਈ ਬੈਠਕ ਕਰਕੇ 80 ਸਾਲ ਦੀ ਉਮਰ ਪੂਰੀ ਕਰ ਚੁੱਕੇ ਪੈਨਸ਼ਨਰਾਂ ਨੂੰ ਸਨਮਾਨਿਤ ਕਰਨ ਸੰਬੰਧੀ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਪੈਨਸ਼ਨਰ ਐਸੋਸ਼ੀਏਸ਼ਨ ਜਨਰਲ ਬਾਡੀ ਪੰਜਾਬ ਦੀ ਇਕਾਈ ਧੂਰੀ ਵੱਲੋਂ 27 ਦਸੰਬਰ ਨੂੰ ਮੂਣਕ (ਜ਼ਿਲ੍ਹਾ ਸੰਗਰੂਰ) ਵਿਖੇ ਹੜ੍ਹ ਪੀੜਤ 11 ਲਾਭਪਾਤਰਾਂ ਨੂੰ ਦਿੱਤੀ ਗਈ ਸਹਾਇਤਾ ਰਾਸ਼ੀ ਦੀ ਵੀ ਤਫ਼ਸੀਲ ਵਿੱਚ ਜਾਣਕਾਰੀ ਮੁਹੱਈਆ ਕਰਵਾਈ।ਜਨਰਲ ਸਕੱਤਰ ਡਾਕਟਰ ਗੁਰਜੀਤ ਸਿੰਘ ਜੀ ਭਗਤਾ ਭਾਈ ਕਾ ਨੇ ਸਰਕਾਰ ਵੱਲੋਂ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਦਰ-ਕਿਨਾਰ ਕਰਨ ਸੰਬੰਧੀ ਜਿੱਥੇ ਵਿਸਥਾਰਿਤ ਜਾਣਕਾਰੀ ਦਿੱਤੀ, ਉੱਥੇ ਉਨ੍ਹਾਂ ਸਰਕਾਰ ਵੱਲੋਂ ਤਿਆਰ ਕੀਤੇ ਜਾ ਰਹੇ ਪੈਨਸ਼ਨਰ ਪੋਰਟਲ ਦੀ ਗੱਲ ਕਰਦਿਆਂ ਦੱਸਿਆ ਕਿ ਇਹ ਪੋਰਟਲ ਤਿਆਰ ਕਰਨ ਲਈ ਸਰਕਾਰ ਵੱਲੋਂ ਦੂਸਰਾ ਕੈਂਪ ਲਗਾਇਆ ਗਿਆ ਹੈ ਜੋ ਮਿੰਨੀ ਸਕੱਤਰੇਤ ਬਠਿੰਡਾ ਦੇ ਮੁੱਖ ਗੇਟ 'ਤੇ ਮਿਤੀ 4/12/2025 ਤੋਂ ਮਿਤੀ 6/12/2025 ਤੱਕ ਚੱਲਦਾ ਰਹੇਗਾ, ਇਸ ਲਈ ਸਾਰੇ ਪੈਨਸ਼ਨਰ ਉੱਥੇ ਸਮੇਂ ਸਿਰ ਪਹੁੰਚ ਕੇ ਆਪਣਾ-ਆਪਣਾ ਪੈਨਸ਼ਨ ਪੋਰਟਲ ਜ਼ਰੂਰ ਤਿਆਰ ਕਰਵਾਉਣ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਾਸਟਰ ਅਮਰਜੀਤ ਸਿੰਘ ਜੀ ਵਿੱਤ ਸਕੱਤਰ ਭਗਤਾ ਭਾਈ, ਗ੍ਰਾਮ ਸੇਵਕ ਕੌਰ ਸਿੰਘ ਕੋਠਾ ਗੁਰੂ, ਮਾਸਟਰ ਨਛੱਤਰ ਸਿੰਘ, ਮਾਸਟਰ ਗੁਰਦੀਪ ਸਿੰਘ, ਮਾਸਟਰ ਰਣਜੋਧ ਸਿੰਘ, ਰੇਸ਼ਮ ਸਿੰਘ, ਮਾਸਟਰ ਸੁਰਜੀਤ ਸਿੰਘ, ਪਟਵਾਰੀ ਦਰਸ਼ਨ ਸਿੰਘ (ਸਾਰੇ ਭਗਤਾ ਭਾਈ), ਮਾਸਟਰ ਲਾਭ ਸਿੰਘ ਡੋਡ, ਮਾਸਟਰ ਨਛੱਤਰ ਸਿੰਘ ਸਿਰੀਏਵਾਲਾ, ਏ.ਐਸ.ਆਈ.ਗੁਰਦੀਪ ਸਿੰਘ ਕੇਸਰ ਸਿੰਘ ਵਾਲਾ, ਮਾਸਟਰ ਜੋਰਾ ਸਿੰਘ ਮੌਜੀ ਬੁਰਜ਼ ਥਰੋੜ, ਮਾਸਟਰ ਕਰਨੈਲ ਸਿੰਘ ਬੁਰਜ਼ ਥਰੋੜ, ਮਾਸਟਰ ਦਰਬਾਰਾ ਸਿੰਘ ਮਲੂਕਾ, ਰਛਪਾਲ ਸਿੰਘ ਗੁਰੂਸਰ, ਮਾਸਟਰ ਬੰਤਾ ਸਿੰਘ ਕੋਠਾ ਗੁਰੂ, ਗੁਰਜੰਟ ਸਿੰਘ ਜਲਾਲ, ਮਾਸਟਰ ਰੂਪ ਸਿੰਘ ਜੀ ਭੋਡੀਪੁਰਾ ਅਤੇ ਮਾਸਟਰ ਹਰਮੇਲ ਸਿੰਘ ਆਕਲੀਆ ਜਲਾਲ ਆਦਿਕ ਅਨੇਕ ਪੈਨਸ਼ਨਰ ਹਾਜ਼ਰ ਸਨ।

# ਪਹਿਲੀ ਵਾਰ ਹਲਕਾ ਅਮਰਗੜ੍ਹ ਅੰਦਰ ਭਾਜਪਾ ਉਮੀਦਵਾਰ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਲੜ ਰਹੇ ਹਨ : ਹਲਕਾ ਇੰਚਾਰਜ ਹੀਰਾ ਸਿੰਘ


**ਅਮਰਗੜ੍ਹ (ਕੁਲਵੰਤ ਸਿੰਘ ਮੁਹਾਲੀ)** ਹਲਕਾ ਅਮਰਗੜ੍ਹ ਵਿਖ਼ੇ ਹਲਕਾ ਇੰਚਾਰਜ ਵਜੋਂ ਸੇਵਾ ਨਿਭਾ ਰਹੇ ਹੀਰਾ ਸਿੰਘ ਅਮਰਗੜ੍ਹ ਦੇ ਉੱਦਮ ਸਦਕਾ ਭਾਰਤੀ ਜਨਤਾ ਪਾਰਟੀ ਦੇ ਵਰਕਰਾਂ ਦੇ ਵਿੱਚ ਇੱਕ ਨਵਾਂ ਉਤਸਾਹ ਵੇਖਣ ਨੂੰ ਮਿਲ ਰਿਹਾ ਹੈ। ਜਿਸ ਨੇ ਵਿਰੋਧੀ ਪਾਰਟੀਆਂ ਦੇ ਵੀ ਦੰਦ ਖੱਟੇ ਕਰ ਰੱਖੇ ਹਨ, ਬਲਾਕ ਸੰਮਤੀ ਦੀਆਂ ਚੋਣਾਂ ਅਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਦੌਰਾਨ ਭਾਰਤੀ ਜਨਤਾ ਪਾਰਟੀ ਵੀ ਹੋਰਨਾਂ ਪਾਰਟੀਆਂ ਦੇ ਉਮੀਦਵਾਰਾਂ ਨੂੰ ਡੱਟਵੀਂ ਟੱਕਰ ਦੇਵੇਗੀ।ਇਸ ਸਬੰਧੀ ਮੀਡੀਆ ਨਾਲ ਗੱਲਬਾਤ ਕਰਦਿਆਂ ਹੀਰਾ ਸਿੰਘ ਅਮਰਗੜ੍ਹ ਨੇ ਦੱਸਿਆ ਕਿ ਜਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਲਈ ਸਾਡੀ ਪਾਰਟੀ ਵੱਲੋਂ 4 ਉਮੀਦਵਾਰ ਅਤੇ ਬਲਾਕ ਸੰਮਤੀ ਦੀਆਂ ਚੋਣਾਂ ਲਈ 6



ਉਮੀਦਵਾਰ ਮੈਦਾਨ ਵਿੱਚ ਉਤਾਰੇ ਗਏ ਹਨ, ਜਿਨਾਂ ਦੇ ਵਿੱਚ ਜ਼ਿਲ੍ਹਾ ਪ੍ਰੀਸ਼ਦ ਜ਼ੋਨ ਮੰਨਵੀ-ਕੁੱਪ ਕਲਾਂ ਜ਼ੋਨ, ਇਸੇ ਤਰਾਂ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਜ਼ੋਨ ਬਾਗੜੀਆਂ, ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਜ਼ੋਨ ਚੌਂਦਾ, ਬਲਾਕ ਸੰਮਤੀ ਭੁਰਥਲਾ ਮੰਡੇਰ, ਬਲਾਕ ਸੰਮਤੀ ਨੰਗਲ, ਬਲਾਕ ਸੰਮਤੀ ਬਨਭੌਰਾ ਦੇ ਵਜੋਂ ਸ਼ਾਮਿਲ ਹਨ। ਹੀਰਾ ਸਿੰਘ ਨੇ ਦੱਸਿਆ ਕਿ ਇਹ ਪਹਿਲੀ ਵਾਰੀ ਹੋ ਰਿਹਾ ਹੈ, ਕਿ ਹਲਕਾ ਅਮਰਗੜ੍ਹ ਦੇ ਵਿੱਚ ਭਾਰਤੀ ਜਨਤਾ ਪਾਰਟੀ ਨਿਰੋਲ ਤੌਰ ਤੇ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀਆਂ ਚੋਣਾਂ ਲੜ ਰਹੀ ਹੈ।ਉਨ੍ਹਾਂ ਕਿਹਾ ਕਿ ਲੋਕਾਂ ਦਾ ਪਿਆਰ ਤੇ ਲੋਕਾਂ ਦੇ ਸਤਿਕਾਰ ਨਾਲ ਪੰਜਾਬ ਵਿਧਾਨ ਸਭਾ ਦੀਆਂ 2027 ਚੋਣਾਂ ਵਿੱਚ ਵੀ ਭਾਰਤੀ ਜਨਤਾ ਪਾਰਟੀ ਇੱਕ ਵੱਖਰੀ ਅਤੇ ਨਿਰੋਲ ਜਿੱਤ ਦਰਜ ਕਰੇਗੀ।

# ਧਰਮਿੰਦਰ ਨੂੰ ਯਾਦ ਕਰਦਿਆਂ ਹੀ ਭਾਵੁਕ ਹੋ ਜਾਂਦੇ ਹਨ ਮਸ਼ਹੂਰ ਸਾਈਕਲਿਸਟ ਵਿਜੇ ਮਿੱਤਰ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਦੇਸ਼ ਵਿਦੇਸ਼ ਤੋਂ ਸਾਈਕਲਿੰਗ 'ਚ ਕਈ ਮੈਡਲ ਜਿੱਤ ਚੁੱਕੇ ਵਿਜੇ ਮਿੱਤਰ ਨੇ ਅੱਜ ਗੱਲਬਾਤ ਦੌਰਾਨ ਧਰਮਿੰਦਰ ਨਾਲ ਆਪਣੀ ਦੋਸਤੀ ਦੀਆਂ ਗੱਲਾਂ ਸਾਂਝੀਆਂ ਕਰਦਿਆਂ ਆਖਿਆ ਕਿ ਉਹ ਅੱਜ ਵੀ ਧਰਮਿੰਦਰ ਨੂੰ ਯਾਦ ਕਰਦਿਆਂ ਬੇਹੱਦ ਭਾਵੁਕ ਹੋ ਜਾਂਦੇ ਹਨ । ਉਹਨਾਂ ਆਖਿਆ ਕਿ ਜਦੋਂ 1990 ਵਿੱਚ ਧਰਮਿੰਦਰ ਨੂੰ ਪਹਿਲੀ ਵਾਰ ਮਿਲਣ ਮੁੰਬਈ ਗਏ ਤਾਂ ਉਹਨਾਂ ਬਹੁਤ ਹੀ ਖਾਤਰਦਾਰੀ ਕੀਤੀ ਅਤੇ ਆਪਣੇ ਨਾਲ ਹੀ ਸ਼ੂਟਿੰਗ ਦਿਖਾਉਣ ਮਯੂਰ ਸਟੂਡੀਓ ਵੀ ਲੈ ਗਏ। ਵਿਜੇ ਨੇ ਆਖਿਆ ਕਿ ਧਰਮਿੰਦਰ ਇੱਕ ਬੇਹੱਦ ਭਾਵੁਕ ਅਤੇ ਰੋਮਾਂਟਿਕ ਕਿਸਮ ਦੇ ਇਨਸਾਨ ਸਨ। ਉਹਨਾਂ ਆਖਿਆ ਕਿ ਧਰਮਿੰਦਰ ਹਰ ਵਾਰ ਦੀ ਤਰ੍ਹਾਂ ਹੀ ਗਰਮ ਜੋਸ਼ੀ ਨਾਲ ਉਹਨਾਂ ਨੂੰ ਮਿਲਦੇ ਸਨ, ਅਤੇ ਧਰਮਿੰਦਰ ਤੋਂ ਪ੍ਰਭਾਵਿਤ ਹੋ ਕੇ ਹੀ ਉਹ ਆਪਣੇ ਸਰੀਰਕ ਕਸਰਤ ਅਤੇ ਸਾਈਕਲਿੰਗ ਨੂੰ ਜਾਰੀ ਰੱਖ ਕੇ ਨਾਮਣਾ ਖੱਟ ਸਕੇ ਹਨ।



# ਪੰਜਾਬੀ ਸਾਹਿਤ ਸਭਾ ਧੂਰੀ ਦੀ ਸਾਹਿਤਕ ਗੋਸ਼ਟੀ, ਕਵੀ ਦਰਬਾਰ, ਸਨਮਾਨ ਸਮਾਰੋਹ



**ਮਾਲੇਰਕੋਟਲਾ(ਕੁਲਵੰਤ ਸਿੰਘ ਮੁਹਾਲੀ)** ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ਵੱਲੋਂ ਆਪਣਾ ਮਹੀਨਾਵਾਰ ਸਾਹਿਤਕ ਸਮਾਗਮ 07 ਦਸੰਬਰ ( ਐਤਵਾਰ ) ਨੂੰ ਡਾ. ਰਾਮ ਸਿੰਘ ਸਿੱਧੂ ਯਾਦਗਾਰੀ ਭਵਨ ਵਿਖੇ ਸਵੇਰੇ ਠੀਕ 10 ਵਜੇ ਕੀਤਾ ਜਾਵੇਗਾ ਜਿਸ ਵਿੱਚ ਸੰਵਿਧਾਨ ਦਿਵਸ ਮੌਕੇ ਪੰਜਾਬ ਸਰਕਾਰ ਵੱਲੋਂ ਵਿਦਿਆਰਥੀਆਂ ਦੇ ਸਿਖਲਾਈ ਵਿਧਾਨ ਸਭਾ ਸੈਸ਼ਨ ਵਿੱਚ ਧੂਰੀ ਹਲਕੇ ਦੇ ਵਿਧਾਇਕ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਭੂਮਿਕਾ ਅਦਾ ਕਰਨ ਵਾਲੇ ਇੱਕ ਦਿਨਾਂ ਮੁੱਖ ਮੰਤਰੀ ਹਰਿਕਮਲ ਦੀਪ ਸਿੰਘ ਦੀਦਾਰ ਗੜ੍ਹ ਅਤੇ ਸੰਗਰੂਰ ਹਲਕੇ ਦੀ ਵਿਧਾਇਕਾ ਸ. ਨਰਿੰਦਰ ਕੌਰ ਭਰਾਜ ਦੀ ਭੂਮਿਕਾ ਅਦਾ ਵਾਲੀ ਵਿਦਿਆਰਥਣ ਬੀਬਾ ਸਾਨੀਆਂ ਅਲੀ ਦਾ ਸਨਮਾਨ ਕੀਤਾ ਜਾਵੇਗਾ । ਉਹ ਦੋਵੇਂ ਆਪਣੀ ਚੋਣ ਵਿਧੀ ਅਤੇ ਸੈਸ਼ਨ ਦੌਰਾਨ ਹੋਏ ਤਜ਼ਰਬੇ ਵੀ ਹਾਜ਼ਰੀਨ ਨਾਲ਼ ਸਾਂਝੇ ਕਰਨਗੇ ।ਦੂਜੇ ਦੌਰ ਵਿੱਚ ਮੂਲ ਚੰਦ ਸ਼ਰਮਾ ਦੇ ਕਾਵਿ ਸੰਗ੍ਰਹਿ " ਬੰਦੇ ਤੋਂ ਇਨਸਾਨ " ਉੱਪਰ ਸਾਹਿਤਕ ਗੋਸ਼ਟੀ ਵੀ ਕੀਤੀ ਜਾਵੇਗੀ ਜਿਸ ਬਾਰੇ ਖੋਜ ਭਰਪੂਰ ਪਰਚਾ ਪ੍ਰਮੁੱਖ ਲੇਖਕ ਅਤੇ ਆਲੋਚਕ ਡਾ. ਧਰਮ ਚੰਦ ਵਾਤਿਸ਼ ਪੇਸ਼ ਕਰਨਗੇ । ਉਨ੍ਹਾਂ ਦਾ ਹੀ ਲਿਖਿਆ ਅਤੇ ਗਾਇਕ ਬਲਬੀਰ ਸਿੰਘ ਦਿਲਦਾਰ ਦੁਆਰਾ ਗਾਇਆ ਧਾਰਮਿਕ ਗੀਤ " ਧੰਨ ਗੁਰੂ ਬਾਜਾਂ ਵਾਲ਼ਿਆ " ਵੀ ਲੋਕ ਅਰਪਣ ਕੀਤਾ ਜਾਵੇਗਾ । ਇਸ ਤੋਂ ਇਲਾਵਾ ਹਾਜ਼ਰ ਕਵੀਆਂ ਵੱਲੋਂ ਕਵੀ ਦਰਬਾਰ ਵੀ ਕੀਤਾ ਜਾਵੇਗਾ ਅਤੇ ਦਸੰਬਰ ਮਹੀਨੇ ਵਿੱਚ ਜਨਮੇਂ ਮੈਂਬਰ ਸਾਹਿਬਾਨਾਂ ਦਾ ਮੂੰਹ ਮਿੱਠਾ ਕਰਵਾ ਕੇ ਸਨਮਾਨਿਤ ਵੀ ਕੀਤਾ ਜਾਵੇਗਾ ।

# ਪੀਐਮ ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੰਡ ਮਲੋਟ ਦੇ ਵਿਦਿਆਰਥੀਆਂ ਨੇ ਲਗਾਇਆ ਜੈਪੁਰ ਵਿਖੇ ਐਕਸਪੋਜ਼ਰ ਵਿਜਿਟ ਟੂਰ





**ਸ੍ਰੀ ਮੁਕਤਸਰ ਸਾਹਿਬ – ( ਪੱਤਰ ਪ੍ਰੇਰਕ)** ਸਕੂਲ ਸਿੱਖਿਆ ਵਿਭਾਗ ਪੰਜਾਬ ਅਤੇ ਜ਼ਿਲ੍ਹਾ ਸਿੱਖਿਆ ਅਫਸਰ ਸ੍ਰੀ ਜਸਪਾਲ ਮੋਂਗਾ, ਉੱਪ ਜ਼ਿਲ੍ਹਾ ਸਿੱਖਿਆ ਅਫਸਰ ਸ੍ਰੀ ਰਾਜਿੰਦਰ ਕੁਮਾਰ ਸੋਨੀ ਦੀਆਂ ਗਾਈਡਲਾਈਨਜ ਅਨੁਸਾਰ ਸਕੂਲ ਦਾ ਵਿਦਿਅਕ ਟੂਰ ਐਕਸਪੋਜ਼ਰ ਵਿਜ਼ਟ( ਸਟੇਟ ਤੋਂ ਬਾਹਰ) ਤਹਿਤ ਜੈਪੁਰ ਵਿਖੇ ਕਰਵਾਇਆ ਗਿਆ ਇਸ ਟੂਰ ਦੀ ਅਗਵਾਈ ਸਕੂਲ ਦੇ ਸਾਇੰਸ ਮਾਸਟਰ ਸ੍ਰੀ ਰਾਜਨ ਗੋਇਲ ਨੇ ਕੀਤੀ। ਉਹਨਾਂ ਦੇ ਨਾਲ ਸਕੂਲ ਦੇ ਪ੍ਰਿੰਸੀਪਲ ਮੈਡਮ ਸ੍ਰੀਮਤੀ ਕਮਲਾ ਦੇਵੀ,ਮੈਡਮ ਜੋਤੀ,ਮੈਡਮ ਗੀਤੀਕਾ ਨੇ ਵੀ ਅਹਿਮ ਭੂਮਿਕਾ ਨਿਭਾਈ। ਇਹ ਟੂਰ 29.11.25 ਨੂੰ ਮਲੋਟ ਤੋਂ ਰਵਾਨਾ ਹੋਇਆ ਸੀ। ਇਸ ਟੂਰ ਵਿੱਚ ਕੁੱਲ ਪੰਜਾਹ ਵਿਦਿਆਰਥੀ ਸਨ ਇਹਨਾਂ ਵਿਦਿਆਰਥੀਆਂ ਦੀ ਚੋਣ ਦਿੱਤੀਆਂ ਹੋਈਆਂ ਗਾਈਡਲਾਈਨਜ਼ ਅਨੁਸਾਰ ਕੀਤੀ ਗਈ।ਇਹਨਾਂ ਵਿਦਿਆਰਥੀਆਂ ਨੇ ਵੱਖ ਵੱਖ ਥਾਵਾਂ ਤੇ ਨਿਯੁਕਤ ਗਾਈਡਜ਼ ਦੀ ਮਦਦ ਨਾਲ ਜੈਪੁਰ ਵਿਖੇ ਵੱਖ-ਵੱਖ ਥਾਵਾਂ ਦੇਖੀਆਂ ਅਤੇ ਉਨ੍ਹਾਂ ਦੇ ਇਤਿਹਾਸ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਜਿਨਾਂ ਵਿੱਚ ਬਿਰਲਾ ਸਾਇੰਸ ਮਿਊਜ਼ੀਅਮ, ਆਮੇਰ ਫੋਰਟ, ਲੋਹਗੜ੍ਹ ਫੋਰਟ, ਜੈਗੜ੍ਹ ਫੋਰਟ, ਬਿਰਲਾ ਮੰਦਿਰ, ਕਰਵਟ ਮਿਊਜ਼ੀਅਮ, ਚਿੜੀਆ ਘਰ , ਨਾਹਰਗੜ੍ਹ ਜ਼ੋਲੋਲੋਗਿਚਓਲ ਚਿੜੀਆ ਘਰ ਅਤੇ ਚੌਕੀ ਢਾਣੀ ਜਿੱਥੇ ਰਾਜਸਥਾਨ ਦੇ ਕਲਚਰ ਬਾਰੇ ਵਿਦਿਆਰਥੀਆਂ ਨੂੰ ਬਹੁਤ ਹੀ ਵਧੀਆ ਢੰਗ ਨਾਲ ਦੱਸਿਆ ਗਿਆ। ਇਸ ਦੇ ਨਾਲ ਨਾਲ ਵਿਦਿਆਰਥੀਆਂ ਲਈ ਵਧੀਆ ਰਿਹਾਇਸ਼ ਅਤੇ ਖਾਣ ਪੀਣ ਦਾ ਪ੍ਰਬੰਧ ਵੀ ਪ੍ਰਿੰਸੀਪਲ ਸ਼੍ਰੀਮਤੀ ਕਮਲਾ ਦੇਵੀ ਅਤੇ ਸ੍ਰੀ ਰਾਜਨ ਗੋਇਲ ਜੀ ਵੱਲੋਂ ਕੀਤਾ ਗਿਆ। ਵਿਦਿਆਰਥੀਆਂ ਨੇ ਇਸ ਟੂਰ ਦਾ ਬਹੁਤ ਹੀ ਆਨੰਦ ਮਾਣਿਆ ਅਤੇ ਉਨਾਂ ਵੱਲੋਂ ਦਿੱਤੀ ਗਈ ਫੀਡਬੈਕ ਬਹੁਤ ਹੀ ਸਲਾਘਾ ਯੋਗ ਹੈ। ਲਗਭਗ ਹਰ ਵਿਦਿਆਰਥੀ ਨੇ ਕੁਝ ਨਵਾਂ ਸਿੱਖਣ ਦੀ ਕੋਸ਼ਿਸ਼ ਕੀਤੀ। ਅੰਤ ਵਿੱਚ ਸਕੂਲ ਦੇ ਪ੍ਰਿੰਸੀਪਲ ਮੈਡਮ ਨੇ ਸਾਰੇ ਵਿਦਿਆਰਥੀਆਂ ਅਤੇ ਉਨਾਂ ਦੇ ਮਾਪਿਆਂ ਦਾ ਧੰਨਵਾਦ ਕੀਤਾ ਅਤੇ ਆਉਂਦੇ ਕੁਝ ਦਿਨਾਂ ਵਿੱਚ ਵਿਦਿਆਰਥੀਆਂ ਵੱਲੋਂ ਦਿੱਤੀ ਗਈ ਫੀਡਬੈਕ ਦੇ ਆਧਾਰ ਤੇ ਇੱਕ ਟੈਸਟ ਵੀ ਲੈਣ ਦਾ ਪਲੈਨ ਕੀਤਾ ਤਾਂ ਜੋ ਵਿਦਿਆਰਥੀ ਚੰਗੀ ਤਰ੍ਹਾਂ ਨਾਲ ਰਾਜਸਥਾਨ ਦੀ ਕਲਚਰ ਤੋਂ ਜਾਣੂ ਹੋ ਜਾਣ।

# ਗੁਰਦੁਆਰਾ ਪ੍ਰਬੰਧਾਂ ਅਤੇ ਧਰਮ ਪ੍ਰਚਾਰ ਦੇ ਹਰ ਫਰੰਟ ਤੇ ਫੇਲ ਹੋਇਆ ਪ੍ਰਧਾਨ ਝੀਂਡਾ ਤੁਰੰਤ ਦੇਵੇ ਅਸਤੀਫ਼ਾ - ਲਾਡੀ ਪ੍ਰਧਾਨ

**●ਹਾਥੀ ਆਪਣੀ ਮਸਤ ਚਾਲ ਚੱਲਦਾ ਹੈ ਕਿਸੇ ਦੀ ਪਰਵਾਹ ਦੇ ਬਿਨਾਂ - ਪ੍ਰਧਾਨ ਝੀਂਡਾ ●ਆਪਣੀ ਚੋਣ ਹਾਰੇ ਹੋਏ ਉਮੀਦਵਾਰ ਕੁਰਸੀ ਦੀ ਲਾਲਸਾ ਦੇ ਮਾਰੇ ਇਹ ਕਰ ਰਹੇ ਹਨ**



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮੂਹ ਪ੍ਰਬੰਧਾਂ ਅਤੇ ਧਰਮ ਪ੍ਰਚਾਰ ਦੇ ਹਰ ਫਰੰਟ ਤੇ ਫੇਲ ਹੋਇਆ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਤੁਰੰਤ ਅਸਤੀਫਾ ਦੇਵੇ ਕਿਉਂਕਿ ਪ੍ਰਧਾਨ ਝੀਂਡਾ ਨੇ ਪ੍ਰਧਾਨ ਬਣਨ ਵੇਲੇ ਤੋਂ ਹੁਣ ਤੱਕ ਜਿੰਨੇ ਵੀ ਐਲਾਨ ਕੀਤੇ ਹਨ ਇੱਕ ਦੇ ਉੱਤੇ ਵੀ ਪੂਰਾ ਨਹੀਂ ਉਤਰਿਆ ਉਸਨੂੰ ਪ੍ਰਧਾਨ ਦੇ ਅਹੁਦੇ ਤੇ ਬਣੇ ਰਹਿਣ ਦਾ ਕੋਈ ਅਧਿਕਾਰ ਨਹੀਂ ਹੈ । ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਮੀਡੀਆ ਨਾਲ ਗੱਲਬਾਤ ਕਰਦਿਆਂ ਹਲਕਾ ਨੀਲੋਂ ਖੇੜੀ ਤੋਂ ਹਰਿਆਣਾ ਕਮੇਟੀ ਦੇ ਮੈਂਬਰ ਮਾਤਾ ਕਪੂਰ ਕੌਰ ਦੇ ਸਪੁੱਤਰ ਸਰਪੰਚ ਯੂਨੀਅਨ ਬਲਾਕ ਨੀਲੋਂਖੇੜੀ ਦੇ ਪ੍ਰਧਾਨ ਅਤੇ ਪੰਥਕ ਦਲ ਝੀਂਡਾ ਗਰੁੱਪ ਦੇ ਕੌਮੀ ਪ੍ਰਧਾਨ ਸਰਪੰਚ ਭੁਪਿੰਦਰ ਸਿੰਘ ਲਾਡੀ ਪ੍ਰਧਾਨ ਨੇ ਕੀਤਾ ਲਾਡੀ ਪ੍ਰਧਾਨ ਨੇ ਅੱਜ ਕਰਨਾਲ ਵਿੱਚ ਪ੍ਰੈਸ ਕਾਨਫਰੰਸ ਕਰਦਿਆਂ ਕਿਹਾ ਕਿ ਝੀਂਡਾ ਹਰਿਆਣਾ ਦੀਆਂ ਸਿੱਖ ਸੰਗਤਾਂ ਦੇ ਸਵਾਲਾਂ ਦੇ ਜਵਾਬ ਦੇਵੇ ਕਿ ਉਸ ਨੇ ਜੋ ਐਲਾਨ ਕੀਤਾ ਸੀ ਕਿ ਜੀਂਦ ਵਿੱਚ ਯੂਨੀਵਰਸਿਟੀ ਬਣਾਵਾਂਗਾ, ਵੀਆਈਪੀ ਕਲਚਰ ਬੰਦ ਕਰਾਂਗਾ, ਗੁਰਦੁਆਰੇ ਦੀ ਗੱਡੀ ਤੇ ਮੁਲਾਜ਼ਮ ਨਹੀਂ ਵਰਤਾਂਗਾ, ਗੁਰੂ ਦੀ ਗੋਲਕ ਦੀ ਦੁਰਵਰਤੋਂ ਨਹੀਂ ਕਰਾਂਗਾ, ਮੈਂਬਰ ਸਹਿਬਾਨਾਂ ਨੂੰ ਨਾਲ ਲੈ ਕੇ ਪ੍ਰਬੰਧ ਸੁਚੱਜਾ ਕਰਾਂਗਾ, ਸਿਰੋਪਾਉ ਨਾ ਲਵਾਂਗਾ ਨਾ ਦੇਵਾਂਗਾ,ਪਰ ਕੋਈ ਵੀ ਐਲਾਨ ਤੇ ਪ੍ਰਧਾਨ ਝੀਂਡਾ ਪੂਰਾ ਨਹੀਂ ਉਤਰਿਆ । ਸਿਰੋਪੇ ਦੇ ਵੀ ਰਿਹਾ, ਲੈ ਵੀ ਰਿਹਾ ਹੈ। ਯੂਨੀਵਰਸਿਟੀ ਨਵੀਂ ਖੋਲ੍ਹਣੀ ਤਾਂ ਛੱਡੋ ਪਹਿਲੇ ਸਕੂਲ ਤੇ ਕਾਲਜਾਂ ਦਾ ਪ੍ਰਬੰਧ ਬੜਾ ਭੈੜਾ ਕਰ ਦਿੱਤਾ ਹੈ । ਗੁਰੂ ਦੀਆਂ ਗੱਡੀਆਂ ਦੀ ਆਪਣੇ ਵਾਸਤੇ ਵਰਤੋਂ ਕਰ ਰਿਹਾ ਹੈ । ਸਰਕਾਰ ਨੂੰ ਚਿੱਠੀ ਲਿਖ ਕੇ ਇੱਕ ਪਾਇਲਟ ਇੱਕ ਸਕਾਰਟ ਤੇ ਅੱਠ ਗੰਨਮੈਨਾਂ ਦੀ ਮੰਗ ਕਰ ਰਿਹਾ ਹੈ । ਝੀਂਡਾ ਖੁਦ ਕੁਰਪਟ ਹੈ ਅਤੇ ਕੁਰਪਟ ਚਾਪਲੂਸ ਲੋਕਾਂ ਨਾਲ ਘਿਰਿਆ ਹੋਇਆ ਹੈ। ਗੁਰਦੁਆਰਾ ਸੀਸਗੰਜ ਤਰਾਵੜੀ ਜੋ ਕੱਲ੍ਹ ਮੈਨੇਜਰ ਲਗਾਇਆ ਹੈ ਉਸ ਨੇ 28 ਲੱਖ ਰੁਪਏ ਗੁਰੂ ਦੀ ਗੋਲਕ ਦਾ ਗਬਨ ਕੀਤਾ ਹੈ ਹੁਣ ਤੱਕ ਉਹ 11 ਲੱਖ ਰੁਪਏ ਵਾਪਿਸ ਭਰ ਚੁੱਕਾ ਹੈ। ਹੁਣ ਫਿਰ ਉਸਨੂੰ ਤਰਾਵੜੀ ਮੈਨੇਜਰ ਲਗਾ ਦਿੱਤਾ ਹੈ । ਲਾਡੀ ਪ੍ਰਧਾਨ ਨੇ ਕਿਹਾ ਕਿ 350 ਸਾਲਾ 25 ਨਵੰਬਰ ਨੂੰ ਕੁਰੂਕਸ਼ੇਤਰ ਵਿਖੇ ਮਨਾਏ ਗਏ ਸਮਾਗਮ ਵਿੱਚ ਸੰਤ ਮਹਾਂਪੁਰਸ਼ਾਂ ਅਤੇ ਸੰਗਤਾਂ ਤੋਂ ਉੱਚਾ ਬੈਂਚ ਲਗਾ ਕੇ ਝੀਂਡਾ ਬੈਠਾ ਹੋਇਆ ਸੀ ਜਦੋਂ ਕਿ ਸੰਤ ਮਹਾਂਪੁਰਸ਼ਾਂ ਨੂੰ ਥੱਲੇ ਬਿਠਾਇਆ ਹੋਇਆ ਸੀ ਕਿਸੇ ਸੰਤ ਮਹਾਂਪੁਰਸ਼ ਨੂੰ ਸਿਰੋਪਾਓ ਸਨਮਾਨ ਨਹੀਂ ਕੀਤਾ। ਝੀਂਡਾ ਨੇ ਕਾਲਾ ਦਿਵਸ ਮਨਾ ਵੀ ਕੁਰਪਸ਼ਨ ਕੀਤੀ ਹੈ। ਕਾਰ-ਸੇਵਾ ਵਾਲੇ ਮਹਾਂਪੁਰਸ਼ਾਂ ਤੋਂ ਪੈਸੇ ਲੈ ਕੇ ਵੀ ਨਿੱਜੀ ਖਰਚ ਕਰ ਰਿਹਾ ਹੈ। ਹੜ੍ਹ ਪੀੜਤਾਂ ਦੀ ਮੱਦਦ ਦੇ ਨਾਮ ਤੇ ਆਪਣਾ ਨਿੱਜੀ ਅਕਾਊਂਟ ਜਾਰੀ ਕਰਕੇ ਪੈਸੇ ਇਕੱਠੇ ਕਰਕੇ ਉਨਾਂ ਦੀ ਦੁਰਵਰਤੋਂ ਕਰ ਰਿਹਾ । ਝੀਂਡਾ ਪਹਿਲਾ ਪ੍ਰਧਾਨ ਹੈ ਜੋ ਆਪਣਾ ਬਜ਼ਟ ਵੀ ਪਾਸ ਨਹੀਂ ਕਰ ਸਕਿਆ । ਇਸ ਦੀਆਂ ਤਿੰਨ ਐਗਜੈਕਟਿਵ ਮੀਟਿੰਗਾਂ ਅਤੇ ਦੋ ਜਨਰਲ ਹਾਊਸ ਫੇਲ ਹੋ ਚੁੱਕੇ ਹਨ ਇਸ ਕਾਰਨ ਕਰਕੇ ਜਗਦੀਸ਼ ਸਿੰਘ ਝੀਂਡਾ ਨੂੰ ਪ੍ਰਧਾਨਗੀ ਦੀ ਪਦਵੀ ਦੇ ਬਣੇ ਰਹਿਣ ਦਾ ਕੋਈ ਅਧਿਕਾਰ ਨਹੀਂ ਹੈ ਝੀਂਡਾ ਨੂੰ ਜਿਨਾਂ 28 ਮੈਂਬਰ ਸਾਹਿਬਾਨਾਂ ਨੇ ਪ੍ਰਧਾਨ ਬਣਾਇਆ ਸੀ ਉਹਨਾਂ 'ਚੋਂ 19 ਮੈਂਬਰ ਝੀਂਡਾ ਦਾ ਸਾਥ ਛੱਡ ਚੁੱਕੇ ਹਨ । ਇਸ ਲਈ ਹੁਣ ਜਗਦੀਸ਼ ਸਿੰਘ ਝੀਂਡਾ ਨੂੰ ਤੁਰੰਤ ਅਸਤੀਫ਼ਾ ਦੇ ਕੇ ਘਰ ਬੈਠ ਕੇ ਭਜਨ ਪਾਠ ਕਰਨਾ ਚਾਹੀਦਾ ਹੈ । ਓਧਰ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨਾਲ ਜਦੋਂ ਇਸ ਬਿਆਨ ਬਾਬਤ ਗੱਲ ਕੀਤੀ ਗਈ ਤਾਂ ਉਹਨਾਂ ਆਖਿਆ ਕਿ ਹਾਥੀ ਆਪਣੀ ਮਸਤ ਚਾਲ ਚੱਲਦਾ ਹੈ ਉਹ ਕਿਸੇ ਦੇ ਉੱਚੀ ਬੋਲਣ ਦੀ ਪਰਵਾਹ ਨਹੀਂ ਮੰਨਦਾ । ਕਮੇਟੀ ਪੂਰੇ ਜ਼ੋਰ ਸ਼ੋਰ ਨਾਲ ਹਰਿਆਣਾ ਚ ਵਿੱਦਿਅਕ, ਧਾਰਮਿਕ ਅਤੇ ਹੋਰ ਸੰਸਥਾਨਾਂ ਦਾ ਕੰਮ ਜ਼ੋਰ ਸ਼ੋਰ ਨਾਲ ਕਰ ਰਹੀ ਹੈ ਅਤੇ ਕਿਸੇ ਦੀ ਪਰਵਾਹ ਨਹੀ ਮੰਨਦੀ। ਉਹਨਾਂ ਆਖਿਆ ਕਿ ਆਪਣੀ ਚੋਣ ਹਾਰੇ ਹੋਏ ਉਮੀਦਵਾਰ ਇਹ ਸਭ ਕਰਵਾ ਰਹੇ ਹਨ।

# ਸਰਕਾਰੀ ਸਕੂਲਜ ਦੇ ਵਿਦਿਆਰਥੀਆਂ ਨੇ ਲਗਾਇਆ ਟੂਰ



**ਬੰਗਾ( ਚਰਨਜੀਤ ਸੱਲ੍ਹਾਂ )** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜਾਡਲਾ, ਸਰਕਾਰੀ ਮਿਡਲ ਸਕੂਲ ਮੁਜ਼ੱਫਰਪੁਰ, ਸਰਕਾਰੀ ਮਿਡਲ ਸਕੂਲ ਬੀਰੋਵਾਲ ਅਤੇ ਸਰਕਾਰੀ ਮਿਡਲ ਸਕੂਲ ਜਾਨੀਆ ਦੇ ਅਧਿਆਪਕ ਸਾਹਿਬਾਨ ਸ਼੍ਰੀ ਵਿਨਾਇਕ ਲਖਨਪਾਲ ਸਾਇੰਸ ਮਾਸਟਰ, ਸ਼੍ਰੀ ਬਲਬੀਰ ਸਿੰਘ ਐੱਸ ਐੱਸ ਮਾਸਟਰ, ਮੈਡਮ ਰਸ਼ਪਾਲ ਕੌਰ ਲੈਕਚਰਾਰ ਬਾਇਓਲੋਜੀ, ਮੈਡਮ ਜਸਵਿੰਦਰ ਰਾਣੀ ਪੰਜਾਬੀ ਮਿਸਟ੍ਰੈਸ ਅਤੇ ਮੈਡਮ ਅਮਨਦੀਪ ਕੌਰ ਐੱਸ ਐੱਸ ਮਿਸਟ੍ਰੈਸ ਸਮੇਤ ਸਾਰਿਆਂ ਨੇ ਮਿਲ ਕੇ ਆਪਣੇ-ਆਪਣੇ ਸਕੂਲ ਦੇ ਵਿਦਿਆਰਥੀਆਂ ਦਾ ਵਿੱਦਿਅਕ ਟੂਰ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦੇ ਜੱਦੀ ਪਿੰਡ ਖਟਕੜਕਲਾਂ ਵਿਖੇ ਲਗਾ ਕੇ ਦੇਸ਼ ਦੀ ਅਜ਼ਾਦੀ ਦੇ ਨਾਇਕਾਂ ਸ਼ਹੀਦ ਭਗਤ ਸਿੰਘ ਜੀ, ਸ਼ਹੀਦ ਰਾਜਗੁਰੂ ਜੀ, ਸ਼ਹੀਦ ਸੁਖਦੇਵ ਜੀ ਸਮੇਤ ਚਾਚਾ ਅਜੀਤ ਸਿੰਘ, ਗਦਰੀ ਬਾਬਿਆਂ ਤੇ ਭਗਤ ਸਰਾਭਿਆਂ ਦੀਆਂ ਕੁਰਬਾਨੀਆਂ ਤੋਂ ਜਾਣੂ ਕਰਵਾਇਆ। ਵਿਦਿਆਰਥੀ ਬੀਬੀ ਅਮਰ ਕੌਰ ਯਾਦਗਾਰੀ ਹਾਲ ਵਿੱਚ ਸ਼ਹੀਦ ਭਗਤ ਸਿੰਘ ਜੀ ਵਲੋਂ ਪੜ੍ਹਨ ਵਾਲੀਆਂ ਅਤੇ ਉਨ੍ਹਾਂ ਦੇ ਹੱਥਾਂ ਵਿੱਚ ਫੜੀਆਂ ਹੋਈਆਂ ਕਿਤਾਬਾਂ ਦੇਖ ਕੇ ਬਹੁਤ ਉਤਸ਼ਾਹਿਤ ਹੋਏ।

## ਬਲਾਚੌਰ ਪਬਲਿਕ ਸੂਕਲ ਵਿੱਚ 8 ਦਸੰਬਰ ਨੂੰ ਸੂਰੀ ਹਸਪਤਾਲ ਵਲੋਂ ਅੱਖਾਂ ਦਾ ਫ੍ਰੀ ਚੈੱਕਅੱਪ ਲਗਾਇਆ ਜਾਵੇਗਾ



**ਬਲਾਚੌਰ (ਜਤਿੰਦਰਪਾਲ ਸਿੰਘ ਕਲੇਰ )** ਚਾਰ ਸਾਹਿਬਜ਼ਾਦਿਆਂ ਦੀ ਲਸਾਨੀ ਸ਼ਹਾਦਤ ਨੂੰ ਸਮਰਪਿਤ ਇਲਾਕੇ ਦੇ ਪ੍ਰਸਿੱਧ ਸੂਰੀ ਹਸਪਤਾਲ ਭੱਦੀ ਰੋਡ ਦੇ ਮਾਲਕ ਡਾਕਟਰ ਕੁਪਿੰਦਰ ਜੀਤ ਸਿੰਘ ਸੂਰੀ ਦੀ ਤਜ਼ਰਬੇਕਾਰ ਡਾਕਟਰਾਂ ਦੀ ਵਲੋਂ ਬਲਾਚੌਰ ਪਬਲਿਕ ਸਕੂਲ ਗੜ੍ਹਸ਼ੰਕਰ ਰੋਡ ਬਲਾਚੌਰ ਵਿਖੇ ਅੱਖਾਂ ਦਾ ਫ੍ਰੀ ਚੈੱਕਅਪ ਕੈਪ ਲਗਾਇਆ ਜਾਵੇਗਾ ਝ ਇਸ ਕੈਪ ਵਿੱਚ ਸਕੂਲਾਂ ਦੇ ਬੱਚਿਆਂ ਦੀਆਂ ਅੱਖਾਂ ਚੈਕ ਕੀਤੀਆ ਜਾਣਗੀਆ । ਜ਼ਰੂਰਤਮੰਦਾਂ ਬੱਚਿਆਂ ਨੂੰ ਫ੍ਰੀ ਦਵਾਈਆ ਦਿੱਤੀਆਂ ਜਾਣਗੀਆਂ ਤੇ ਐਨਕਾਂ ਵੀ ਦਿੱਤੀਆ ਜਾਣਗੀਆਂ ।

**ਤਸਵੀਰ ਹਰਸਿਮਰਨ ਜੋਤ ਸਿੰਘ ਕਲੇਰ**

## ਵਿਦੇਸ਼ੀ ਮਹਿਮਾਨਾਂ ਨੂੰ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੂੰ ਨਾ ਮਿਲਣ ਦੇ ਕੇ ਭਾਰਤੀ ਲੋਕਤੰਤਰ ਦੀਆਂ ਪਰੰਪਰਾਵਾਂ ਦਾ ਘਾਣ ਕੀਤਾ ਜਾ ਰਿਹਾ ਹੈ- ਬਾਵਾ

### ਕਿਹਾ- ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਵਿੱਚ ਕਾਂਗਰਸੀ ਉਮੀਦਵਾਰ ਨਾਲ ਧੱਕਾ ਕਰਕੇ ਪੁਲਿਸ ਅਤੇ ਪ੍ਰਸ਼ਾਸਨ ਪੰਜਾਬ ਸਰਕਾਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ ਦੀ ਦੌੜ ਵਿੱਚ ਲੱਗਿਆ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)-** ਵਿਦੇਸ਼ੀ ਮਹਿਮਾਨਾਂ ਨੂੰ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੂੰ ਮਿਲਣ ਨਾ ਦੇਣਾ ਇਹ ਭਾਰਤੀ ਲੋਕਤੰਤਰ ਦੀਆਂ ਉੱਚੀਆਂ ਸੁੱਚੀਆਂ ਪਰੰਪਰਾਵਾਂ ਦਾ ਘਾਣ ਹੈ। ਇਹ ਸ਼ਬਦ ਅੱਜ ਇੱਕ ਲਿਖਤੀ ਬਿਆਨ ਰਾਹੀਂ ਹਲਕਾ ਸਾਊਥ ਵਿਖੇ ਵਰਕਰ ਮੀਟਿੰਗ ਤੋਂ ਬਾਅਦ ਸੀਨੀਅਰ ਕਾਂਗਰਸੀ ਨੇਤਾ ਕ੍ਰਿਸ਼ਨ ਕੁਮਾਰ ਬਾਵਾ ਕੋਆਰਡੀਨੇਟਰ ਕੁੱਲ ਹਿੰਦ ਕਾਂਗਰਸ (ਓ.ਬੀ.ਸੀ.) ਇੰਚਾਰਜ ਹਿਮਾਚਲ ਪ੍ਰਦੇਸ਼ ਨੇ ਕਹੇ। ਬਾਵਾ ਨੇ ਕਿਹਾ ਕਿ ਇਹ ਪਰੰਪਰਾ ਰਹੀ ਹੈ ਜਦੋਂ ਕੋਈ ਵਿਦੇਸ਼ੀ ਮਹਿਮਾਨ ਭਾਰਤ ਆਉਂਦਾ ਹੈ ਤਾਂ ਉਹ ਵਿਰੋਧੀ ਪਾਰਟੀ ਦੇ ਨੇਤਾ ਨਾਲ ਵੀ ਮੁਲਾਕਾਤ ਕਰਦਾ ਹੈ ਪਰ ਅੱਜ ਭਾਰਤ ਦੀ ਸਰਕਾਰ ਨੇ ਸਾਰੀਆਂ ਪਰੰਪਰਾਵਾਂ 'ਤੇ ਪਾਬੰਦੀ ਲਗਾ ਕੇ ਆਪਣੀ ਸੌੜੀ ਸੋਚ ਦਾ ਪ੍ਰਦਰਸ਼ਨ ਕੀਤਾ ਹੈ। ਬਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ ਲਈ ਪੁਲਿਸ ਪ੍ਰਸ਼ਾਸਨ ਸਰਕਾਰੀ ਅਮਲਾ ਪੱਬਾਂ ਭਾਰ ਹੋਇਆ ਫਿਰਦਾ ਹੈ ਜੋ ਕਿ ਲੋਕਤੰਤਰ ਵਿੱਚ ਮਿਲੇ ਵੋਟ ਦੇ ਅਧਿਕਾਰ ਨੂੰ ਖੋਹਣਾ ਹੈ। ਉਹਨਾਂ ਕਿਹਾ ਕਿ ਸੱਤਾ 'ਤੇ ਕਾਬਜ਼ ਲੋਕ ਜੋ ਸ਼ਹੀਦ-ਏ-ਆਜ਼ਮ ਭਗਤ ਸਿੰਘ ਜੀ ਦੀ ਪਗੜੀ ਬੰਨ ਕੇ ਸਰਕਾਰ ਤਾਂ ਬਣਾ ਗਏ ਪਰ ਅੱਜ ਜੋ ਉਹ ਕਰ ਰਹੇ ਹਨ, ਉਸ ਨੂੰ ਪੰਜਾਬ ਦੇ ਲੋਕ ਚੰਗੀ ਤਰ੍ਹਾਂ ਸਮਝ ਗਏ ਹਨ। ਉਹਨਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ "ਯੇ ਪਬਲਿਕ ਹੈ ਸਭ ਜਾਣਤੀ ਹੈ ਅੰਦਰ ਕਿਆ ਹੈ ਬਾਹਰ ਕਿਆ ਹੈ"

## ਜਿਲ੍ਹਾ ਪ੍ਰੀਸ਼ਦ ਲਈ ਹਲਕਾ ਅਮਰਗੜ੍ਹ ਦੇ ਕਾਂਗਰਸੀ ਉਮੀਦਵਾਰਾਂ ਵੱਲੋਂ ਨਾਮਜਦਗੀ ਪੱਤਰ ਦਾਖਲ ਕਰਵਾਏ



**ਅਮਰਗੜ੍ਹ-(ਕੁਲਵੰਤ ਸਿੰਘ ਮੁਹਾਲੀ)** ਇੰਡੀਅਨ ਉਵਰਸੀਜ ਕਾਂਗਰਸ ਦੇ ਪ੍ਰਧਾਨ ਕਮਲਪ੍ਰੀਤ ਸਿੰਘ ਕਮਲ ਧਾਲੀਵਾਲ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਮਾਲੇਰਕੋਟਲਾ ਲਈ ਕਾਂਗਰਸ ਪਾਰਟੀ ਦੇ ਜ਼ੋਨ ਕੰਗਣਵਾਲ ਤੋ ਉਮੀਦਵਾਰ ਸ੍ਰੀਮਤੀ ਬਲਵੀਰ ਕੌਰ ਪਤਨੀ ਬਿੱਕਰ ਸਿੰਘ, ਜ਼ੋਨ ਬਾਗੜੀਆ ਤੋਂ ਬਲਵਿੰਦਰ ਸਿੰਘ ਬਿੱਲੂ ਪੰਚ ਦੀ ਨੂੰਹ ਸ੍ਰੀਮਤੀ ਲਖਵਿੰਦਰ ਕੌਰ ਪਤਨੀ ਹਰਪ੍ਰੀਤ ਸਿੰਘ ਬਾਗੜੀਆ, ਜ਼ੋਨ ਮਾਣਕ ਮਾਜਰਾ ਤੋ ਸਾਬਕਾ ਸਰਪੰਚ ਨਿਰਮਲਜੀਤ ਸਿੰਘ ਸੰਗਾਲੀ ਦੇ ਨਾਮਜ਼ਦਗੀ ਪੱਤਰ ਦਾਖਲ ਕਰਵਾਏ ਗਏ।ਇਸ ਮੌਕੇ ਉਮੀਦਵਾਰਾ ਤੇ ਵਰਕਰਾਂ ਦੇ ਅਥਾਹ ਉਤਸ਼ਾਹ ਅਤੇ ਜਨੂੰਨ ਇਹ ਸਪੱਸ਼ਟ ਕਰ ਦਿੱਤਾ ਕਿ ਅਮਰਗੜ੍ਹ ਹਲਕੇ ਦੇ ਵੋਟਰ ਕਾਂਗਰਸ ਪਾਰਟੀ ਨਾਲ ਚੱਟਾਨ ਵਾਂਗ ਖੜ੍ਹੇ ਹਨ। ਇਸ ਮੌਕੇ ਸ੍ਰੀ ਜਸਪਾਲ ਦਾਸ ਪ੍ਰਧਾਨ ਜਿਲ੍ਹਾ ਕਾਂਗਰਸ ਕਮੇਟੀ ਮਾਲੇਰਕੋਟਲਾ, ਹਰਜਿੰਦਰ ਸਿੰਘ ਕਾਕਾ ਨੱਥੂ ਮਾਜਰਾ, ਪ੍ਰਧਾਨ ਵਿੱਕੀ ਟੰਡਨ, ਪ੍ਰਧਾਨ ਬਲਵਿੰਦਰ ਸਿੰਘ ਬਾਗੜੀਆ, ਅਹਿਮਦਗੜ੍ਹ ਦਿਹਾਤੀ ਦੇ ਪ੍ਰਧਾਨ ਰੁਪਿੰਦਰ ਸਿੰਘ ਪਿੰਦੂ ਕੰਗਣਵਾਲ, ਪ੍ਰਧਾਨ ਕਮਲ ਕੰਗਣਵਾਲ ਅਤੇ ਵੱਡੀ ਗਿਣਤੀ ਕਾਂਗਰਸੀ ਵਰਕਰ ਮੌਜੂਦ ਸਨ।

# ਕਿਸਮਤਾਂ ਵਾਲੇ



ਲੈ ਗਏ ਨਾਲ ਕਿਸਮਤਾਂ ਵਾਲੇ
ਓਹ ਚੁੱਲ੍ਹੇ ਤੇ ਓਹ ਆਲੇ
ਨਾ ਦਿਸਦੇ ਘਰ ਬਿਨਾਂ ਕਿਸੇ ਤਾਲੇ
ਨਾ ਓਹ ਲੱਭਦੇ ਲੋਕ ਭੋਲੇ ਭਾਲੇ
ਜਿਨ੍ਹਾਂ ਨੇ ਲਾ ਹਿੱਕਾਂ ਨਾਲ ਬੱਚੇ ਪਾਲੇ
ਨਾ ਓਹ ਲੱਭਦੇ ਲੋਕ ਕਿਸਮਤਾਂ ਵਾਲੇ
ਨਾ ਹੁਣ ਦਿਸਦੀ ਚਾਨਣੀ ਰਾਤ
ਨਾ ਲੱਭੇ ਜੁਗਨੂੰਆਂ ਦੀ ਬਾਰਾਤ
ਨਾ ਹੁਣ ਮਿਲੇ ਬਾਤ ਸੁਣਾਉਂਦੀ ਰਾਤ
ਨਾ ਲੱਭੇ ਉਹ ਸੁਪਨਿਆਂ ਦੀ ਸੌਗਾਤ
ਅਸੀਂ ਤਾਂ ਰਹਿ ਗਏ ਅੰਦਰ ਬੈਠਣ ਵਾਲੇ
ਨਾ ਓਹ ਲੱਭਦੇ ਲੋਕ ਕਿਸਮਤਾਂ ਵਾਲੇ
ਨਾ ਰਿਹਾ ਚਾਅ ਚੁੱਲ੍ਹੇ ਦੀ ਰੋਟੀ ਖਾਵਣ ਦਾ
ਨਾ ਰਿਹਾ ਚਾਅ ਸਾਗਾਂ ਨੂੰ ਤੜਕੇ ਲਾਵਣ ਦਾ
ਬੈਠ ਓਟੇ ਵਿੱਚ ਰੋਟੀ ਖਾਵਣ ਦਾ
ਨਾ ਰਿਹਾ ਚਾਅ ਮੱਖਣ ਘਿਓ ਖਾਵਣ ਦਾ
ਨਾ ਓਹ ਦਿਸਦੇ ਰੋਟੀਆਂ ਖਾਵਣ ਵਾਲੇ
ਨਾ ਓਹ ਲੱਭਦੇ ਲੋਕ ਕਿਸਮਤਾਂ ਵਾਲੇ
ਨਾ ਲੱਭੇ ਰਿਸ਼ਤਿਆਂ 'ਚ ਕੋਈ ਪਿਆਰ
ਹਰ ਕੋਈ ਲੁਕਵੇਂ ਚੱਕੀ ਫਿਰੇ ਹਥਿਆਰ
ਉੱਤੋਂ ਯਾਰ ਅੰਦਰੋਂ ਯਾਰ ਮਾਰ
ਨਾ ਲੱਭਦੇ ਬੰਦੇ ਬੋਲ ਪੁਗਾਵਣ ਵਾਲੇ
ਧਰਮਿੰਦਰ ਓਹ ਬੋਲ ਨਾਲ ਹੀ ਲੈ ਗਏ
ਦਿਸਦੇ ਨਾਂ ਜਿਹੜੇ ਲੋਕ ਕਿਸਮਤਾਂ ਵਾਲੇ।

ਸਮਾਜ ਵੀਕਲੀ ਨਿਊਜ਼



**ਧਰਮਿੰਦਰ ਸਿੰਘ ਮੁੱਲਾਂਪੁਰੀ**
9872000461

# ਸਾਲ 2026 ਦਾ ਨਵਾਂ ਸੂਰਜ



ਸਾਲ 2026 ਦਾ ਨਵਾਂ ਸੂਰਜ ਹੈ ਉੱਗ ਆਇਆ ,
ਧਰਤੀ - ਮਾਤਾ ਨੇ ਵੀ ਹਰਾ - ਭਰਾ ਸੁੰਦਰ ਰੂਪ ਬਣਾਇਆ।
ਪੰਛੀ - ਪਰਿੰਦਿਆਂ ਨੇ ਵੀ ਸੁਰ ਨਾਲ ਸੁਰ ਮਿਲਾਇਆ ,
ਹਰ ਕੋਈ ਇੱਕ - ਦੂਜੇ ਨੂੰ ਵਧਾਈਆਂ ਦੇਵੇ ,
' ਨਵਾਂ ਸਾਲ 2026 ' ਹੈ ਆਇਆ।
ਨਵੀਆਂ ਉਮੀਦਾਂ ਤੇ ਨਵੀਆਂ ਆਸਾਂ ਨਾਲ
ਸਭ ਨੇ ' ਜੀ ਆਇਆਂ ' ਇਸ ਨੂੰ ਬੁਲਾਇਆ ,
ਨਰੋਈ ਸੋਚ ਦੇ ਧਾਰਨੀ ਬਣ ਜਾਓ
ਨਵਾਂ ਸਾਲ ਖੁਸ਼ੀਆਂ - ਖੇੜੇ ਲੈ ਕੇ ਆਇਆ।
ਪੌਣ - ਪਾਣੀ ਤੇ ਧਰਤੀ ਨੂੰ ਸ਼ੁੱਧ ਰੱਖਣ ਲਈ
ਸਭ ਰਲ - ਮਿਲ ਅੱਗੇ ਆਈਏ ,
ਆਉਣ ਵਾਲੀਆਂ ਨਸਲਾਂ ਲਈ ਵੀ
ਸ਼ੁੱਧ ਤੇ ਸੁੰਦਰ ਵਾਤਾਵਰਣ ਦੇ ਕੇ ਜਾਈਏ।
ਪਾ ਕੇ ਆਪਣਾ ਯੋਗਦਾਨ ਪੂਰਾ
ਧਰਤੀ - ਮਾਂ ਦੇ ਸਪੂਤ ਕਹਾਈਏ ,
' ਨਵਾਂ ਸਾਲ 2026 ' ਹੈ ਆਇਆ
ਆਓ ! ਇਸ ਨੂੰ ਗਲ਼ੇ ਲਗਾਈਏ।
ਚੰਗੀਆਂ ਆਦਤਾਂ - ਚੰਗੀ ਸੋਚ ਅਪਣਾ ਕੇ
ਤੰਦਰੁਸਤੀ ਤੇ ਖੁਸ਼ਹਾਲੀ ਨੂੰ ਅਪਣਾਈਏ ,
ਉਚ - ਨੀਚ ਤੇ ਵਹਿਮਾਂ - ਭਰਮਾਂ ਦਾ ਤਿਆਗ ਕਰਕੇ ,
ਰਲ - ਮਿਲ ਨਰੋਆ ਸਮਾਜ ਬਣਾਈਏ।
' ਨਵਾਂ ਸਾਲ 2026 ' ਦਾ ਸੂਰਜ ਹੈ ਉਗ ਆਇਆ
ਆਓ ! ਇਸਨੂੰ ਗਲੇ ਲਗਾਈਏ
ਤੇ ਵਾਤਾਵਰਨ ਸ਼ੁੱਧ ਬਣਾਈਏ।

ਸਮਾਜ ਵੀਕਲੀ ਨਿਊਜ਼



**ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ**
**ਸ਼੍ਰੀ ਅਨੰਦਪੁਰ ਸਾਹਿਬ**
**ਪੰਜਾਬ**
9478561356

# ਧੀਆਂ

ਬੀਜੇ ਜਾਂਦੇ ਨੇ ਪੁੱਤ, ਪਰ ਉੱਗ ਜਾਂਦੀਆਂ ਨੇ ਧੀਆਂ,
ਖਾਦ ਦਿੰਦੇ ਨੇ ਪੁੱਤਾਂ ਨੂੰ, ਪਰ ਲਹਿਰਾਉਂਦੀਆਂ ਨੇ ਧੀਆਂ,
ਸਕੂਲ ਜਾਂਦੇ ਨੇ ਪੁੱਤ, ਪਰ ਪੜ੍ਹਦੀਆਂ ਨੇ ਧੀਆਂ,
ਮਿਹਨਤ ਕਰਦੇ ਨੇ ਪੁੱਤ, ਪਰ ਪਹਿਲੇ ਦਰਜੇ 'ਤੇ ਆਉਂਦੀਆਂ ਨੇ ਧੀਆਂ,
ਨਾਮ ਰੌਸ਼ਨ ਕਰਨ ਜਾਂ ਨਾ ਕਰਨ, ਪਰ ਨਾਮ ਕਮਾਉਂਦੀਆਂ ਨੇ ਧੀਆਂ,
ਜਦੋਂ ਜ਼ਖ਼ਮ ਦਿੰਦੇ ਨੇ ਪੁੱਤ, ਤੇ ਮਲਹਮ ਲਾਉਂਦੀਆਂ ਨੇ ਧੀਆਂ,
ਜਦੋਂ ਬੁੱਢਾਪੇ ਵਿੱਚ ਨਹੀਂ ਪੁੱਛਦੇ ਪੁੱਤ, ਤੇ ਕੰਮ ਆਉਂਦੀਆਂ ਨੇ ਧੀਆਂ,
ਜਦੋਂ ਸਾਥ ਛੱਡਦੇ ਨੇ ਪੁੱਤ, ਤੇ ਨਾਲ ਖੜਦੀਆਂ ਨੇ ਧੀਆਂ,
ਜਦੋਂ ਰਵਾਉਂਦੇ ਨੇ ਪੁੱਤ, ਤੇ ਚੁੱਪ ਕਰਾਉਂਦੀਆਂ ਨੇ ਧੀਆਂ,
ਜਦੋਂ ਉਲਾਹਣੇ ਦਵਾਉਂਦੇ ਨੇ ਪੁੱਤ, ਤੇ ਨਾਮ ਬਣਾਉਂਦੀਆਂ ਨੇ ਧੀਆਂ,
ਜਦੋਂ ਔਖੇ ਵੇਲੇ ਦੂਰ ਹੋ ਜਾਣ ਪੁੱਤ, ਤੇ ਉਸ ਵੇਲੇ ਵੀ ਨਾਲ ਹੁੰਦੀਆਂ ਨੇ ਧੀਆਂ,
ਪੁੱਤ ਭਾਵੇਂ ਨਾਮ ਬਣਾਵੇ ਜਾਂ ਨਾ ਬਣਾਵੇ,
ਪਰ ਮਾਂ-ਬਾਪ ਦਾ ਸਮਾਜ ਵਿੱਚ ਦਰਜਾ ਉੱਚਾ ਕਰਾਉਂਦੀਆਂ ਨੇ ਧੀਆਂ,
ਜਦੋਂ ਬੁੱਢਾਪੇ ਵਿੱਚ ਮਾਂ-ਬਾਪ ਦਾ ਹੱਥ ਛੱਡਦੇ ਪੁੱਤ, ਉਸ ਵੇਲੇ ਹੱਥ ਫੜਦੀਆਂ ਨੇ ਧੀਆਂ,
ਛੱਡ ਜਾਂਦੇ ਨੇ ਜਦੋਂ ਪੁੱਤ, ਤਾਂ ਉਸ ਸਮੇਂ ਕੰਮ ਆਉਂਦੀਆਂ ਨੇ ਧੀਆਂ।

**ਵਿਦਿਆਰਥਣ: ਰਾਜਵਿੰਦਰ ਕੌਰ**
**ਕਲਾਸ: 12ਵੀਂ**
**ਸ.ਸ.ਸ. ਸਕੂਲ ਪਰਮਜੀਤਪੁਰ**
**(ਕਪੂਰਥਲਾ)**
**ਗਾਈਡ ਅਧਿਆਪਕ: ਰਸ਼ਪਾਲ ਕੌਰ**


# ਵਰੇਗੰਢ ਮੁਬਾਰਕ



**ਪ੍ਰਧਾਨ ਗੁਰਸੇਵਕ ਸਿੰਘ ਖੋਸਾ ਅਤੇ ਬੇਅੰਤ ਕੌਰ ਖੋਸਾ ਵਾਸੀ ਭੋਲੂਵਾਲਾ (ਫਰੀਦਕੋਟ) ਨੂੰ ਵਿਆਹ ਦੀ ਵਰ੍ਹੇਗੰਢ ਦੀਆਂ ਮੁਬਾਰਕਾਂ।**
**ਵੱਲੋਂ.....ਬੇਅੰਤ ਗਿੱਲ (ਭਲੂਰ)**

## ਬੰਗਾ ਕਾਂਗਰਸ ਵੱਲੋਂ ਬਲਾਕ ਸੰਮਤੀ ਅਤੇ ਜ਼ਿਲ੍ਹਾ ਪਰਿਸ਼ਦ ਦੇ ਸਾਰੇ ਜੋਨਾਂ 'ਤੇ ਉਮੀਦਵਾਰ ਐਲਾਨੇ**ਸਰਕਾਰ ਤੇ ਪ੍ਰਸ਼ਾਸਨ ਦੀ ਧੱਕੇਸ਼ਾਹੀ ਬਰਦਾਸ਼ਤ ਨਹੀਂ ਕਰਾਂਗੇ - ਬਲਾਕ ਪ੍ਰਧਾਨ ਕੁਲਵਰਨ ਸਿੰਘ ਥਾਂਦੀਆਂ

**ਬੰਗਾ (ਚਰਨਜੀਤ ਸੱਲ੍ਹਾਂ )**



ਕਾਂਗਰਸ ਪਾਰਟੀ ਨੇ ਬੰਗਾ ਹਲਕੇ ਦੇ 25 ਬਲਾਕ ਸੰਮਤੀ ਜੋਨਾਂ ਅਤੇ ਚਾਰ ਜ਼ਿਲ੍ਹਾ ਪਰਿਸ਼ਦ ਜੋਨਾਂ 'ਤੇ ਆਪਣੇ ਉਮੀਦਵਾਰ ਖੜੇ ਕਰਦੇ ਹੋਏ ਨੋਮੀਨੇਸ਼ਨ ਭਰਨ ਦੇ ਆਖਰੀ ਦਿਨ ਸਾਰੇ ਦਸਤਾਵੇਜ਼ ਰਿਟਰਨਿੰਗ ਅਫ਼ਸਰ ਨੂੰ ਦਾਖਲ ਕਰਵਾ ਦਿੱਤੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬਲਾਕ ਪ੍ਰਧਾਨ ਕੁਲਵਰਨ ਸਿੰਘ ਥਾਂਦੀਆਂ ਨੇ ਦੱਸਿਆ ਕਿ ਪਾਰਟੀ ਪੂਰੀ ਤਿਆਰੀ ਅਤੇ ਇਕਜੁਟਤਾ ਨਾਲ ਚੋਣ ਮੈਦਾਨ ਵਿੱਚ ਉਤਰੀ ਹੈ। ਉਹਨਾਂ ਦੱਸਿਆ ਕਿ ਉਮੀਦਵਾਰਾਂ ਦੇ ਨਾਂ ਹੇਠ ਅਨੁਸਾਰ ਹਨ

ਜ਼ਿਲ੍ਹਾ ਪ੍ਰੀਸ਼ਦ ਉਮੀਦਵਾਰ:

ਕਮਲਜੀਤ ਕੰਵਰ ਰਾਜਪਾਲ ਜ਼ਿਲਾ ਪਰਿਸ਼ਦ ਜੋਨ ਖਟਕੜ ਕਲਾਂ ਕਮਲਜੀਤ ਕੌਰ ਪਤਨੀ ਸੁਖਦੇਵ ਸਿੰਘ ਜਿਲਾ ਪ੍ਰੀਸ਼ਦ ਜੋਨ ਬਾਹੜੋਵਾਲ ਬਿਮਲਾ ਦੇਵੀ ਪਤਨੀ ਕਮਲਜੀਤ ਸਿੰਘ ਬੰਗਾ ਜ਼ਿਲ੍ਹਾ ਪ੍ਰੀਸ਼ਦ ਜੋਨ ਕੁਲਥਮ, ਰਾਮਦਾਸ ਸਿੰਘ ਜਿਲਾ ਪਰਿਸ਼ਦ ਜੋਨ ਮੁਕੰਦਪੁਰ ਬਲਾਕ ਸੰਮਤੀ ਉਮੀਦਵਾਰ:ਕਮਲਜੀਤ (ਖੋਥੜਾ), ਜਗਦੀਸ਼ ਕੌਰ (ਮੇਹਲੀ), ਸੁਖਵਿੰਦਰ ਕੁਮਾਰ (ਕੁਲਥਮ), ਅਨਪ੍ਰੀਤ ਕੌਰ ਸੰਧੂ (ਸੰਧਵਾਂ), ਪ੍ਰੀਤੀ ਸਪਰੂ (ਘੁੰਮਣਾ), ਤਰਸੇਮ ਲਾਲ (ਬਹਿਰਾਮ), ਜਸਵਿੰਦਰ ਕੌਰ (ਬੀਸਲਾ), ਜਰਨੈਲ ਸਿੰਘ (ਕਟਾਰੀਆ), ਜਸਵੀਰ ਕੌਰ (ਬਾਹੜੋਵਾਲ), ਸੁਰਜੀਤ ਕੌਰ (ਚੱਕ ਬਿਲਗਾ), ਬਲਵੀਰ ਰਾਮ (ਗੋਸਲ), ਸਤਨਾਮ (ਜਗਤਪੁਰ), ਧਰਮਵੀਰ (ਹੀਓ), ਜਸਪ੍ਰੀਤ ਸਿੰਘ (ਪਠਲਾਵਾ), ਗੁਰਜੀਤ ਕੌਰ (ਲਧਾਣਾ ਝਿੱਕਾ), ਨਿਰਮਲ ਸਿੰਘ (ਖਟਕੜ ਕਲਾਂ), ਮਨਪ੍ਰੀਤ ਕੌਰ (ਭਰੋਮਜਾਰਾ ਮਜਾਰਾ), ਨੀਲਮ ਰਾਣੀ (ਘਟਾਰੋਂ), ਆਸਾ ਰਾਣੀ (ਮੁਕੰਦਪੁਰ), ਜੁਝਾਰ ਸਿੰਘ (ਹਕੀਮਪੁਰ), ਸੰਦੀਪ (ਸ਼ੇਖੂਪੁਰ), ਨਰਿੰਦਰ ਸਿੰਘ (ਬਖਲੌਰ), ਰਾਮ ਲੁਭਾਇਆ (ਸਾਹਲੋ), ਵਿਸ਼ਾਲ ਆਨੰਦ (ਔੜ), ਨਿਰਮਲ ਰਾਮ (ਗੁਣਾਚੌਰ) ਬਲਾਕ ਪ੍ਰਧਾਨ ਕੁਲ-ਵਰਨ ਸਿੰਘ ਥਾਂਦੀਆਂ ਨੇ ਦੱਸਿਆ ਕਿ ਪਾਰਟੀ ਉਮੀਦਵਾਰਾਂ ਦੇ ਚੋਣ ਲਈ ਲੋਕਾਂ ਵਿੱਚ ਚੰਗਾ ਮਹੌਲ ਹੈ ਅਤੇ ਕਾਂਗਰਸ ਵੱਡੇ ਫਰਕ ਨਾਲ ਜਿੱਤ ਹਾਸਲ ਕਰਨ ਦੀ ਸਥਿਤੀ ਵਿੱਚ ਹੈ।

ਧੱਕੇਸ਼ਾਹੀ ਸਬੰਧੀ ਚਿਤਾਵਨੀ

ਥਾਂਦੀਆਂ ਨੇ ਸਰਕਾਰ ਅਤੇ ਪ੍ਰਸ਼ਾਸਨ ਵੱਲੋਂ ਚੋਣਾਂ ਦੌਰਾਨ ਸੰਭਾਵਿਤ ਧੱਕੇਸ਼ਾਹੀ ਦੀਆਂ ਕੋਸ਼ਿਸ਼ਾਂ 'ਤੇ ਗੰਭੀਰ ਚਿੰਤਾ ਜਤਾਈ। ਉਹਨਾਂ ਨੇ ਕਿਹਾ:

"ਸਰਕਾਰ ਵੱਲੋਂ ਪ੍ਰਸ਼ਾਸਨ ਨੂੰ ਵਰਤ ਕੇ ਧੱਕੇਸ਼ਾਹੀ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਸਕਦੀਆਂ ਹਨ, ਪਰ ਕਾਂਗਰਸ ਪਾਰਟੀ ਕੋਈ ਵੀ ਜ਼ਬਰਦਸਤੀਆਂ ਬਰਦਾਸ਼ਤ ਨਹੀਂ ਕਰੇਗੀ। ਲੋਕਤੰਤਰਕ ਪ੍ਰਕਿਰਿਆ ਵਿੱਚ ਹਸਤੱਖੇਪ ਅਸਵੀਕਾਰਯੋਗ ਹੈ।" ਉਹਨਾਂ ਨੇ ਪ੍ਰਸ਼ਾਸਨਕ ਅਧਿਕਾਰੀਆਂ ਨੂੰ ਅਪੀਲ ਅਤੇ ਚਿਤਾਵਨੀ ਦਿੰਦਿਆਂ ਕਿਹਾ ਕਿ ਸਰਕਾਰ ਦੀ ਹੁਕਮਵਰਤਾ ਵਿੱਚ ਆ ਕੇ ਗਲਤ ਕਾਰਵਾਈਆਂ ਨਾ ਕੀਤੀਆਂ ਜਾਣ, ਕਿਉਂਕਿ:

"ਇਸ ਸਰਕਾਰ ਦੇ ਹੁਣ ਚਾਰ ਦਿਨ ਦੀ ਹੀ ਚਾਂਦਨੀ ਰਹਿ ਗਈ ਹੈ, ਹਨੇਰੀ ਰਾਤ ਨੇੜੇ ਖੜੀ ਹੈ। 2027 ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਬਣਨ ਜਾ ਰਹੀ ਹੈ।ਕਾਂਗਰਸ ਪਾਰਟੀ ਨੇ ਸਾਫ਼ ਕੀਤਾ ਹੈ ਕਿ ਚੋਣਾਂ ਨਿਰਪੱਖ ਅਤੇ ਪੂਰੀ ਪਾਰਦਰਸ਼ੀਤਾ ਨਾਲ ਹੋਣੀਆਂ ਚਾਹੀਦੀਆਂ ਹਨ ਅਤੇ ਲੋਕਾਂ ਦਾ ਮੰਡੇਟ ਹੀ ਅਸਲੀ ਤਾਕਤ ਹੈ।

## ਸਮੁੱਚੀ ਦੁਨੀਆ ਵਿੱਚ ਬੈਠੇ ਪੰਜਾਬੀ ਲਾਹੌਰ ਪੰਜਾਬੀ ਕਾਨਫਰੰਸ ਨਾਲ ਜੁੜਨ- ਨਾਸਿਰ ਢਿੱਲੋ





**ਬਲਬੀਰ ਸਿੰਘ ਬੱਬੀ**

ਪੰਜਾਬੀ ਮਾਂ ਬੋਲੀ ਦੀ ਤਰੱਕੀ ਤੇ ਚੜਦੀ ਕਲਾ ਦੇ ਲਈ ਦੁਨੀਆ ਭਰ ਦੇ ਵਿੱਚ ਜਿੱਥੇ ਕਿਤੇ ਪੰਜਾਬੀ ਬੈਠੇ ਹਨ ਉਹ ਕੁਝ ਨਾ ਕੁਝ ਪੰਜਾਬੀ ਮਾਂ ਬੋਲੀ ਸਬੰਧੀ ਜਰੂਰ ਕਰਦੇ ਹਨ। ਬੇਸ਼ੱਕ ਸਾਡੇ ਇਧਰ ਪੰਜਾਬ ਭਾਰਤ ਵਿੱਚ ਪੰਜਾਬੀ ਮਾਂ ਬੋਲੀ ਸਬੰਧੀ ਵੱਡੇ ਪ੍ਰੋਗਰਾਮ ਕਾਨਫਰੰਸਾਂ ਰੂਪ ਘੱਟ ਹੁੰਦੇ ਹਨ। ਯੂਰਪ ਦੇ ਵਿਦੇਸ਼ਾਂ ਤੇ ਸਾਡੇ ਗੁਆਂਢੀ ਮੁਲਕ ਪਾਕਿਸਤਾਨ ਵਿੱਚ ਅਕਸਰ ਹੀ ਵੱਡੇ ਪ੍ਰੋਗਰਾਮ ਤੇ ਕਾਨਫਰੰਸਾਂ ਹੁੰਦੀਆਂ ਰਹਿੰਦੀਆਂ ਹਨ। ਪੰਜਾਬੀ ਮਾਂ ਬੋਲੀ ਦੇ ਲਈ ਲਹਿੰਦੇ ਪੰਜਾਬ ਵਿੱਚ ਵੱਡਾ ਸੰਘਰਸ਼ ਕੀਤਾ ਜਾ ਰਿਹਾ ਹੈ ਕਿਉਂਕਿ ਉੱਥੇ ਸਰਕਾਰੀ ਤੌਰ ਤੇ ਪੰਜਾਬੀ ਲਾਗੂ ਨਹੀਂ ਫਿਰ ਵੀ ਪਾਕਿਸਤਾਨੀ ਪੰਜਾਬੀਆਂ ਨੇ ਪੰਜਾਬੀ ਮਾਂ ਬੋਲੀ ਨੂੰ ਲਾਗੂ ਕਰਾਉਣ ਲਈ ਜਿੱਥੇ ਸੰਘਰਸ਼ ਵਿੱਢਿਆ ਹੋਇਆ ਹੈ ਉਥੇ ਹੀ ਸਮੇਂ ਸਮੇਂ ਉੱਤੇ ਅਨੇਕਾਂ ਪੰਜਾਬੀ ਕਾਨਫਰਸਾਂ ਲਹਿੰਦੇ ਪੰਜਾਬ ਵਿੱਚ ਹੁੰਦੀਆਂ ਰਹਿੰਦੀਆਂ ਹਨ ਤੇ ਖਾਸ ਤੌਰ ਉੱਤੇ ਮਨੇ ਪਰਮੰਨੇ ਪੁਰ-ਾਤਨ ਸ਼ਹਿਰ ਲਾਹੌਰ ਦੇ ਵਿੱਚ, ਇਹ ਕਾਨਫਰੰਸਾਂ ਜਾਂ ਪੰਜਾਬੀ ਸੰਬੰਧੀ ਪ੍ਰੋਗਰਾਮ ਰੱਖੇ ਜਾਂਦੇ ਹਨ ਹੁਣ ਵੀ ਪਾਕਿਸਤਾਨੀ ਪੰਜਾਬੀ ਮਾਂ ਬੋਲੀ ਨੂੰ ਪਿਆਰ ਕਰਨ ਵਾਲੇ ਅਨੇਕਾਂ ਪੰਜਾਬੀਆਂ ਨੇ ਇਕੱਤਰ ਹੋ ਕੇ ਇੱਕ ਵੱਡੀ ਪੰਜਾਬੀ ਕਾਨਫਰੰਸ ਰੱਖੀ ਹੈ ਜੋ ਤਿੰਨ ਦਿਨ ਪੰਜ ਛੇ ਸੱਤ ਦਸੰਬਰ ਚੱਲਣੀ ਹੈ। ਕੱਲ ਇਸਦੀ ਸ਼ੁਰੂਆਤ ਕੀਤੀ ਗਈ ਪੰਜਾਬੀ ਰੰਗ ਵਿੱਚ ਰੰਗੇ ਹੋਏ ਸ਼ਾਨਦਾਰ ਆਡੀਟੋਰੀਅਮ ਦੇ ਵਿੱਚ ਸਾਰਾ ਪ੍ਰੋਗਰਾਮ ਰੱਖਿਆ ਗਿਆ ਹੈ ਜੋ ਲਾਹੌਰ ਦੇ ਮਸ਼ਹੂਰ ਗੱਦਾਫੀ ਸਟੇਡੀਅਮ ਦੇ ਨਜਦੀਕ ਪਿਲਾਕ ਜਿਹੇ ਵੱਡੇ ਆਡਟੋਰੀਅਮ ਵਿੱਚ ਹੈ। ਪੰਜਾਬੀ ਮਾਂ ਬੋਲੀ ਨਾਲ ਸੰਬੰਧਿਤ ਪਹਿਲੇ ਪੁਰਾਣੇ ਸਾਂਝੇ ਲੇਖਕਾਂ ਕਵੀਆਂ ਸ਼ਾਇਰਾਂ ਸਾਹਿਤਕਾਰਾਂ ਦੀਆਂ ਫੋਟੋਆਂ ਨਾਲ ਸ਼ਿੰਗਾਰੇ ਸ਼ਾਨਦਾਰ ਫਲੈਕਸ ਬੋਰਡ ਸਭ ਨੂੰ ਜੀ ਆਇਆ ਆਖ ਰਹੇ ਹਨ। ਇਸ ਕਾਨਫਰੰਸ ਦੇ ਮੁੱਖ ਪ੍ਰਬੰਧਕਾਂ ਦੇ ਵਿੱਚੋਂ ਜਾਣਿਆ ਪਛਾਣਿਆ ਪੰਜਾਬੀ ਨੌਜਵਾਨ ਨਾਸਿਰ ਢਿੱਲੋਂ,ਅਹਿਮਦ ਰਜਾ ਆਪਣੀ ਟੀਮ ਦੇ ਨਾਲ ਜਿੱਥੇ ਕੋਈ ਦਿਨਾਂ ਤੋਂ ਪ੍ਰਬੰਧਾਂ ਦੇ ਵਿੱਚ ਲੱਗੇ ਹੋਏ ਸੀ ਉੱਥੇ ਇਸ ਕਾਨਫਰੰਸ ਵਿੱਚ ਸ਼ਾਮਿਲ ਸਭ ਨੂੰ ਅਦਬ ਨਾਲ ਜੀ ਆਇਆ ਆਖਦਾ ਹੋਇਆ ਆਪਣਾ ਪ੍ਰੇਮ ਪਿਆਰ ਵੰਡ ਰਿਹਾ ਹੈ। ਤਿੰਨ ਦਿਨ ਚੱਲਣ ਵਾਲੇ ਇਸ ਪ੍ਰੋਗਰਾਮ ਵਿੱਚ ਸ਼ਾਇਰੋ ਸ਼ਾਇਰੀ ਲੋਕ ਗੀਤ ਸੰਗੀਤ ਪੰਜਾਬੀ ਗਾਇਕ ਕਲਾਕਾਰ ਤੇ ਹੋਰ ਅਨੇਕਾਂ ਵੰਨਗੀਆਂ ਦੀ ਪੇਸ਼ਕਾਰੀ ਕੀਤੀ ਜਾਣੀ ਹੈ। ਪਾਕਿਸਤਾਨ ਦੇ ਲਾਹੌਰ ਵਿਚ ਹੋ ਰਹੀ ਇਸ ਕਾਨਫਰੰਸ ਵਿੱਚ ਪੰਜਾਬ ਤੋਂ ਕੋਈ ਵਫ਼ਦ ਨਹੀਂ ਗਿਆ ਵੀਜ਼ਾ ਪ੍ਰਣਾਲੀ ਲਾਗੂ ਨਹੀਂ ਹੋਈ ਵਿਦੇਸ਼ਾਂ ਤੋਂ ਵੱਡੀ ਗਿਣਤੀ ਵਿੱਚ ਪੰਜਾਬੀ ਇਸ ਕਾਨਫਰਸ ਵਿੱਚ ਸ਼ਾਮਿਲ ਹੋ ਰਹੇ ਹਨ।

## ਹਥਿਆਰਬੰਦ ਸੈਨਾ ਝੰਡਾ ਦਿਵਸ ਮੌਕੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਕੀਤਾ ਸਿਜਦਾ

### ਸ਼ਹੀਦ ਸੈਨਿਕਾਂ ਦੇ ਪਰਿਵਾਰਾਂ ਦੀ ਹਰ ਸੰਭਵ ਸਹਾਇਤਾ ਸਾਰਿਆਂ ਦਾ ਫ਼ਰਜ਼ : ਡਿਪਟੀ ਕਮਿਸ਼ਨਰ

**ਸ਼ਹੀਦ ਭਗਤ ਸਿੰਘ ਨਗਰ, (ਜਤਿੰਦਰ ਪਾਲ ਸਿੰਘ ਕਲੇਰ )** ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਰਾਖੀ ਲਈ ਸ਼ਹੀਦ ਹੋਏ ਸੈਨਿਕਾਂ ਅਤੇ ਸਾਬਕਾ ਸੈਨਿਕਾਂ ਦੇ ਮਾਣ-ਸਤਿਕਾਰ ਵਜੋਂ ਅੱਜ ਸਥਾਨਕ ਜਿਲਾ ਪ੍ਰਬੰਧਕੀ ਕੰਪਲੈਕਸ ਵਿਖੇ ਹਥਿਆਰਬੰਦ ਸੈਨਾ ਝੰਡਾ ਦਿਵਸ ਮਨਾਇਆ ਗਿਆ ਜਿਸ ਦੌਰਾਨ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਅਤੇ ਹੋਰਨਾਂ ਅਧਿਕਾਰੀਆਂ ਦੇ ਟੋਕਨ ਫਲੈਗ ਲਗਾਕੇ ਸ਼ਹੀਦਾਂ ਦੀਆਂ ਲਾਸਾਨੀ ਕੁਰਬਾਨੀਆਂ ਨੂੰ ਯਾਦ ਕੀਤਾ ਗਿਆ ।

ਦੇਸ਼ ਦੇ 77ਵੇਂ ਹਥਿਆਰਬੰਦ ਸੈਨਾ ਦੇ ਝੰਡਾ ਦਿਵਸ ਮੌਕੇ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਹਥਿਆਰਬੰਦ ਸੈਨਾਵਾਂ ਦੇ ਭਾਈਚਾਰੇ ਦੀ ਭਲਾਈ ਬਾਰੇ ਗੱਲਬਾਤ ਕਰਦਿਆਂ ਕਿਹਾ ਕਿ 'ਹਥਿਆਰਬੰਦ ਸੈਨਾ ਝੰਡਾ ਦਿਵਸ' ਸਾਡੇ ਸੈਨਿਕਾਂ ਦੀਆਂ ਕੁਰਬਾਨੀਆਂ ਪ੍ਰਤੀ ਸਾਡੀ ਸਾਂਝੇ ਜਜ਼ਬੇ ਅਤੇ ਸਿਜਦੇ ਦਾ ਪ੍ਰਤੀਕ ਅਤੇ ਬਹਾਦਰ ਸੈਨਿਕਾਂ ਨੂੰ ਸਲਾਮ ਹੈ ਜੋ ਦੇਸ਼ ਦੀ ਪ੍ਰਭੂਸੱਤਾ ਅਤੇ ਅਖੰਡਤਾ ਦੀ ਰਾਖੀ ਕਰਦੇ ਹਨ। ਉਨ੍ਹਾਂ ਕਿਹਾ ਕਿ ਸ਼ਹੀਦ ਸੈਨਿਕਾਂ ਦੇ ਪਰਿਵਾਰਾਂ ਨੂੰ ਹਰ ਸੰਭਵ ਤਰੀਕੇ ਨਾਲ ਸਹਾਇਤਾ ਪ੍ਰਦਾਨ ਕਰਨਾ ਸਾਡਾ ਫ਼ਰਜ਼ ਬਣਦਾ ਹੈ।





ਡਿਪਟੀ ਕਮਿਸ਼ਨਰ-ਕਮ-ਪ੍ਰਧਾਨ, ਜ਼ਿਲ੍ਹਾ ਸੈਨਿਕ ਬੋਰਡ ਨੇ ਕਿਹਾ ਕਿ ਝੰਡਾ ਦਿਵਸ ਦੇਸ਼ ਦੀ ਰੱਖਿਆ ਲਈ ਸ਼ਹੀਦ ਹੋਏ ਸੈਨਿਕਾਂ ਅਤੇ ਸਾਬਕਾ ਸੈਨਿਕਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਵਾਉਂਦਾ ਹੈ ਜਿਨ੍ਹਾਂ ਨੇ ਦੇਸ਼ਵਾਸੀਆਂ ਦੇ ਅੱਜ ਲਈ ਆਪਣੀਆਂ ਜਾਨਾਂ ਨਿਸ਼ਾਵਰ ਕਰ ਦਿੱਤੀਆਂ । ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਝੰਡਾ ਦਿਵਸ ਫੰਡ ਵਿੱਚ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ ਜੋ ਅੱਜ ਤੋਂ ਜ਼ਿਲੇ ਵਿਚ ਸ਼ੁਰੂ ਹੋ ਚੁੱਕਾ ਹੈ। ਇਸ ਮੌਕੇ 'ਤੇ ਜ਼ਿਲਾ ਸੈਨਿਕ ਬੋਰਡ ਵੱਲੋਂ ਡਿਪਟੀ ਕਮਿਸ਼ਨਰ ਅਤੇ ਪ੍ਰਧਾਨ ਜ਼ਿਲ੍ਹਾ ਸੈਨਿਕ ਬੋਰਡ ਨੂੰ 07 ਦਸੰਬਰ ਨੂੰ ਹਥਿਆਰਬੰਦ ਸੈਨਾ ਝੰਡਾ ਦਿਵਸ ਨੂੰ ਸਮਰਪਿਤ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਸ਼ਹੀਦਾਂ ਦੀ ਲਾਸਾਨੀ ਕੁਰਬਾਨੀ ਨੂੰ ਦਰਸਾਉਂਦਾ ਸਾਲਾਨਾ ਕਲੈਂਡਰ ਵੀ ਭੇਟ ਕੀਤਾ ਗਿਆ। ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ ਵੱਲੋਂ ਦੱਸਿਆ ਗਿਆ ਕਿ ਸਰਕਾਰ ਵਲੋਂ ਇਸ ਸਾਲ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੂੰ ਫਲੈਗ ਡੇਅ ਫੰਡ ਇਕੱਤਰ ਕਰਨ ਲਈ 7 ਲੱਖ ਰੁਪਏ ਦਾ ਟੀਚਾ ਦਿੱਤਾ ਗਿਆ ਹੈ ਜਿਹੜਾ ਕਿ ਜ਼ਿਲ੍ਹੇ ਦੇ ਸਮੂਹ ਸਾਬਕਾ ਸੈਨਿਕਾਂ/ਨਾਗਰਿਕਾਂ ਅਤੇ ਜ਼ਿਲ੍ਹੇ ਦੇ ਸਰਕਾਰੀ ਅਤੇ ਅਰਧ ਸਰਕਾਰੀ ਅਦਾਰਿਆਂ ਦੇ ਸਹਿਯੋਗ ਨਾਲ ਪੂਰਾ ਕਰਨਾ ਸੰਭਵ ਹੋਵੇਗਾ। ਜ਼ਿਕਰਯੋਗ ਹੈ ਕਿ ਹਥਿਆਰਬੰਦ ਸੈਨਾ ਝੰਡਾ ਦਿਵਸ ਲਈ ਦਾਨ ਕੀਤੀ ਜਾਣ ਵਾਲੀ ਰਾਸ਼ੀ ਆਮਦਨ ਕਰ ਤੋਂ ਮੁਕਤ ਹੈ।

ਇਸ ਮੌਕੇ 'ਤੇ ਕਰਨਲ (ਰਿਟਾ.) ਐਸ ਐਸ ਸੇਖੋਂ, ਵੀ.ਐਸ.ਐਮ. ਉੱਪ ਪ੍ਰਧਾਨ, ਜ਼ਿਲ੍ਹਾ ਸੈਨਿਕ ਬੋਰਡ ਅਤੇ ਹੋਰ ਸਾਬਕਾ ਸੈਨਿਕ ਤੇ ਜ਼ਿਲ੍ਹਾ ਸੈਨਿਕ ਭਲਾਈ ਦਫਤਰ ਤੋਂ ਰੰਜੀਤਾ ਸਾਰੰਗਲ, ਅਵਤਾਰ ਸਿੰਘ, ਬੀਮ ਰੈਡੀ ਆਦਿ ਵੀ ਹਾਜ਼ਰ ਸਨ। ਜ਼ਿਕਰਯੋਗ ਹੈ ਕਿ ਹਰ ਸਾਲ ਹਥਿਆਰਬੰਦ ਸੈਨਾ ਝੰਡਾ ਦਿਵਸ 07 ਦਸੰਬਰ ਨੂੰ ਪੂਰੇ ਦੇਸ਼ ਵਿੱਚ ਮਨਾਇਆ ਜਾਂਦਾ ਹੈ ਅਤੇ ਇਸ ਵਾਰ 07 ਦਸੰਬਰ ਨੂੰ ਐਤਵਾਰ ਦਾ ਦਿਨ ਹੋਣ ਕਰਕੇ ਹਥਿਆਰਬੰਦ ਸੈਨਾ ਝੰਡਾ ਦਿਵਸ 05 ਦਸੰਬਰ ਨੂੰ ਮਨਾਇਆ ਗਿਆ।

# ਢਾਹਾਂ ਕਲੇਰਾਂ ਵਿਖੇ ਬਾਬਾ ਬੁੱਧ ਸਿੰਘ ਢਾਹਾਂ ਜੀ ਦੇ 100ਵੇਂ ਜਨਮ ਦਿਨ ਨੂੰ ਸਮਰਪਿਤ ਮੁਫਤ ਮੈਗਾ ਮੈਡੀਕਲ ਚੈੱਕਅਪ ਕੈਂਪ ਵਿਚ 825 ਮਰੀਜ਼ਾਂ ਦਾ ਚੈੱਕਅਪ

### ਬਾਬਾ ਜੀ ਦੇ ਸੁਪਨੇ ਅਤੇ ਰਹਿੰਦੇ ਕਾਰਜ ਪੂਰੇ ਕੀਤੇ ਜਾਣਗੇ : ਡਾ. ਕੁਲਵਿੰਦਰ ਸਿੰਘ ਢਾਹਾਂ

**ਬੰਗਾ (ਚਰਨਜੀਤ ਸੱਲ੍ਹਾਂ) ਸਮਾਜ** ਸੇਵਾ ਨੂੰ ਸਮਰਪਿਤ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜ਼ੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਬਾਨੀ ਪ੍ਰਧਾਨ ਸੇਵਾ ਦੇ ਪੁੰਜ, ਕੱਲਰੀ ਧਰਤੀ ਦੇ ਗੁਲਾਬ, ਮਹਾਨ ਸਮਾਜ ਸੇਵਕ ਸਵ: ਬਾਬਾ ਬੁੱਧ ਸਿੰਘ ਬਾਬਾ ਬੁੱਧ ਸਿੰਘ ਢਾਹਾਂ ਜੀ ਦੇ 100ਵੇਂ ਜਨਮ ਦਿਨ ਮੌਕੇ ਅੱਜ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਮੁਫਤ ਮੈਗਾ ਮੈਡੀਕਲ ਚੈੱਕਅਪ ਕੈਂਪ ਲਗਾਇਆ ਗਿਆ, ਜਿਸ ਦਾ 825 ਮਰੀਜ਼ਾਂ ਨੇ ਲਾਭ ਪ੍ਰਾਪਤ ਕੀਤਾ । ਇਸ ਮੌਕੇ ਸਵੇਰੇ ਗੁਰਦਆਰਾ ਸਾਹਿਬ ਵਿਖੇ ਬਾਬਾ ਜੀ ਦੇ 100ਵੇਂ ਜਨਮ ਦੀ ਖੁਸ਼ੀ ਵਿਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਸੰਗਤੀ ਰੂਪ ਵਿਚ ਕੀਤੇ ਗਏ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ । ਉਪਰੰਤ ਮੈਗਾ ਫਰੀ ਮੈਡੀਕਲ ਚੈੱਕਅਪ ਕੈਂਪ ਦਾ ਉਦਘਾਟਨ ਬਾਬਾ ਜੀ ਦੇ ਸਾਥੀ ਸੀਨੀਅਰ ਟਰੱਸਟ ਮੈਂਬਰ ਸ. ਨਰਿੰਦਰ ਸਿੰਘ ਸ਼ੇਰਗਿੱਲ ਕੈਨੇਡਾ ਨੇ ਕੀਤਾ ਅਤੇ ਉਹਨਾਂ ਦਾ ਸਹਿਯੋਗ ਡਾ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ, ਸ. ਦਰਸ਼ਨ ਸਿੰਘ ਮਾਹਿਲ ਕੈਨੇਡਾ ਸੀਨੀਅਰ ਟਰੱਸਟ ਮੈਂਬਰ ਅਤੇ ਸ. ਮਲਕੀਅਤ ਸਿੰਘ ਬਾਹੜੋਵਾਲ ਸਾਬਕਾ ਪ੍ਰਧਾਨ ਨੇ ਦਿੱਤਾ । ਇਸ ਮੌਕੇ ਡਾ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਨੇ ਸਮੂਹ ਟਰੱਸਟ ਮੈਂਬਰਾਂ ਵੱਲੋਂ ਬਾਨੀ ਪ੍ਰਧਾਨ ਬਾਬਾ ਬੁੱਧ ਸਿੰਘ ਢਾਹਾਂ ਜੀ ਦੇ ਜਨਮ ਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ ਦਿੱਤੀਆਂ । ਡਾ. ਢਾਹਾਂ ਨੇ ਕਿਹਾ ਕਿ ਬਾਬਾ ਜੀ ਨੇ ਆਪਣੇ ਸਾਥੀਆਂ ਨਾਲ ਢਾਹਾਂ ਕਲੇਰਾਂ ਦੀ ਕੱਲਰੀ ਧਰਤੀ 'ਤੇ ਸੇਵਾ ਕਾਰਜ 1979 ਤੋਂ ਆਰੰਭ ਕੀਤੇ ਸਨ। ਬਾਬਾ ਜੀ ਦੀ ਅਗਵਾਈ ਵਿਚ ਸ਼ੁਰੂ ਹੋਈਆਂ ਮੈਡੀਕਲ ਸੇਵਾਵਾਂ ਅਤੇ ਵਿਦਿਅਕ ਸੇਵਾਵਾਂ ਚਾਰ ਦਹਾਕਿਆਂ ਤੋਂ ਨਿਰੰਤਰ ਚੱਲ ਰਹੀਆਂ ਹਨ ਅਤੇ ਉਹਨਾਂ ਵਿਚ ਚੱਲ ਰਹੀਆਂ ਸੇਵਾਵਾਂ ਵਿਚ ਵਾਧਾ ਕਰਦੇ ਹੋਏ, ਉਹਨਾਂ ਦਾ ਆਧੁਨਿਕੀਕਰਨ ਕੀਤਾ ਜਾ ਰਿਹਾ ਹੈ । ਡਾ. ਢਾਹਾਂ ਨੇ ਕਿਹਾ ਕਿ ਬਾਬਾ ਜੀ ਵੱਲੋਂ ਲਏ ਸੁਪਨੇ ਅਤੇ ਰਹਿੰਦੇ ਅਧੂਰੇ ਕਾਰਜ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਪੂਰੇ ਕੀਤੇ ਜਾਣਗੇ। ਉਹਨਾਂ ਨੇ ਸਮੂਹ ਟਰੱਸਟ ਮੈਂਬਰਾਂ ਵੱਲੋਂ ਬਾਬਾ ਜੀ ਦੇ 100ਵੇਂ ਜਨਮ ਦਿਨ ਨੂੰ ਸਮਰਪਿਤ ਮੁਫਤ ਮੈਗਾ ਮੈਡੀਕਲ ਕੈਂਪ ਨੂੰ ਕਾਮਯਾਬ ਕਰਨ ਲਈ ਇਲਾਕਾ ਨਿਵਾਸੀਆਂ ਵੱਲੋਂ ਦਿੱਤੇ ਭਰਵੇਂ ਸਹਿਯੋਗ ਲਈ ਹਾਰਦਿਕ ਧੰਨਵਾਦ ਵੀ ਕੀਤਾ । ਅੱਜ ਟਰੱਸਟ ਵੱਲੋਂ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਇਲਾਕੇ ਦੇ ਲੋੜਵੰਦਾਂ ਮਰੀਜ਼ਾਂ ਲਈ ਬਾਬਾ ਜੀ 100ਵੇਂ ਜਨਮ ਦਿਨ ਨੂੰ ਸਮਰਪਿਤ ਮੁਫਤ ਮੈਗਾ ਮੈਡੀਕਲ ਕੈਂਪ ਲਗਾਇਆ ਗਿਆ, ਜਿਸ ਦਾ ਇਲਾਕੇ ਦੇ 825 ਮਰੀਜ਼ਾਂ ਨੇ ਲਾਭ ਪ੍ਰਾਪਤ ਕੀਤਾ । ਜਿਸ ਵਿਚ ਰੀੜ੍ਹ ਦੀ ਹੱਡੀ ਤੇ ਦਿਮਾਗ ਦੀਆਂ ਬਿਮਾਰੀਆਂ ਦੇ ਅਪਰੇਸ਼ਨਾਂ ਦੇ ਮਾਹਿਰ ਡਾ. ਜਸਦੀਪ ਸਿੰਘ ਸੈਣੀ, ਸ਼ੂਗਰ, ਬੀ ਪੀ, ਗੁਰਦੇ ਤੇ ਆਮ ਸਰੀਰਿਕ ਬਿਮਾਰੀਆਂ ਦੇ ਮਾਹਿਰ ਡਾ. ਵਿਵੇਕ ਗੁੰਬਰ, ਹੱਡੀਆਂ ਤੇ ਜੋੜਾਂ ਦੀਆਂ ਬਿਮਾਰੀਆਂ ਤੇ ਅਪਰੇਸ਼ਨਾਂ ਦੇ ਮਾਹਿਰ ਡਾ. ਪਰਮਿੰਦਰ ਸਿੰਘ ਵਾਰੀਆ, ਪਿਸ਼ਾਬ ਦੇ ਰੋਗਾਂ ਤੇ ਯੂਰੋਲੋਜੀ ਦੇ ਮਾਹਿਰ ਡਾ. ਅਮਿਤ ਸੰਧੂ, ਜਨਰਲ ਸਰਜਰੀ ਅਤੇ ਲੈਪਰੋਸਕੋਪਿਕ ਸਰਜਰੀ ਦੇ ਮਾਹਿਰ ਡਾ. ਮਾਨਵਦੀਪ ਸਿੰਘ ਬੈਂਸ, ਦੰਦਾਂ ਦੀਆਂ ਬਿਮਾਰੀਆਂ ਦੇ ਮਾਹਿਰ ਡਾ. ਜਗਜੀਤ ਸਿੰਘ, ਨੱਕ-ਕੰਨ-ਗਲੇ ਦੀਆਂ ਬਿਮਾਰੀਆਂ ਦੇ ਮਾਹਿਰ ਡਾ. ਬਲਵਿੰਦਰ ਸਿੰਘ, ਔਰਤ ਰੋਗਾਂ ਦੇ ਅਪਰੇਸ਼ਨਾਂ ਦੇ ਮਾਹਿਰ ਡਾ ਸ਼ਵੇਤਾ ਬਗੜੀਆ, ਬੱਚਿਆਂ ਦੀਆਂ ਬਿਮਾਰੀਆਂ ਦੇ ਮਾਹਿਰ ਡਾ. ਹਰਤੇਸ਼ ਸਿੰਘ ਪਾਹਵਾ, ਅੱਖਾਂ ਦੀਆਂ ਬਿਮਾਰੀਆਂ ਦੇ ਮਾਹਿਰ ਡਾ ਤੁਸ਼ਾਰ ਅਗਰਵਾਲ ਮਾਹਿਰ ਨੇ ਕੈਂਪ ਮਰੀਜ਼ਾਂ ਦਾ ਮੁਫ਼ਤ ਚੈਕਅੱਪ ਕੀਤਾ। ਇਸ ਕੈਂਪ ਵਿਚ ਮਰੀਜ਼ਾਂ ਦੇ ਕਾਰਡ ਮੁਫਤ ਬਣੇ ਅਤੇ ਉਹਨਾਂ ਨੂੰ ਫਰੀ ਡਾਕਟਰੀ ਸਲਾਹ ਦੇਣ ਦੇ ਨਾਲ ਨਾਲ, ਫਾਈਬਰੋ ਸਕੈਨ (ਲਿਵਰ ਦੀ ਸੈਕਨਿੰਗ), ਥਾਇਰਾਇਡ ਟੈਸਟ, ਐਚ ਬੀ ਏ 1ਸੀ ਟੈਸਟ, ਬੀ ਐਮ ਡੀ ਟੈਸਟ, ਯੂਰੋਫਲੋਮੀਟਰੀ ਟੈਸਟ, ਡਾਇਟ ਸਲਾਹ, ਸੁਣਾਈ ਵਾਲਾ ਪੀ ਟੀ ਏ ਟੈਸਟ, ਨਿਊਰੋਪੈਥੀ, ਤੋਤਲਾ ਤੇ ਘੱਟ ਬੋਲਣ ਵਾਲਿਆਂ ਲਈ ਸਪੀਚ ਥੈਰੇਪੀ ਟੈਸਟ ਮੁਫਤ ਕਰਨ ਦੇ ਨਾਲ ਬੱਚਿਆਂ ਦੇ ਟੇਢੇ ਮੇਢੇ ਦੰਦਾਂ ਦੀ ਜਾਂਚ, ਅਤੇ ਲੋੜਵੰਦ ਮਰੀਜ਼ਾਂ ਦੇ ਖਰਾਬ ਦੰਦਾਂ ਦੇ ਐਕਸਰੇ ਫਰੀ ਕੀਤੇ ਅਤੇ ਦੰਦ ਵੀ ਫਰੀ ਕੱਢੇ ਗਏ । ਇਸ ਮੌਕੇ ਗਰਭਵਤੀ ਔਰਤਾਂ ਅਲਟਰਾਸਾਊਂਡ ਸਕੈਨ ਵੀ ਮੁਫਤ ਕੀਤੀ ਗਈ । ਇਸ ਕੈਂਪ ਵਿਚ ਕੰਨਾਂ ਦੀਆਂ ਮਸ਼ੀਨਾਂ 'ਤੇ ਭਾਰੀ ਛੋਟ ਦਿੱਤੀ ਗਈ । ਮੁਫਤ ਮੈਗਾ ਮੈਡੀਕਲ ਚੈੱਕਅਪ ਕੈਂਪ ਮੌਕੇ ਸ. ਨਰਿੰਦਰ ਸਿੰਘ ਸ਼ੇਰਗਿੱਲ ਕੈਨੇਡਾ ਸੀਨੀਅਰ ਟਰੱਸਟ ਮੈਂਬਰ, ਸ. ਦਰਸ਼ਨ ਸਿੰਘ ਮਾਹਿਲ ਕੈਨੇਡਾ ਸੀਨੀਅਰ ਟਰੱਸਟ ਮੈਂਬਰ, ਸ. ਮਲਕੀਅਤ ਸਿੰਘ ਬਾਹੜੋਵਾਲ ਸਾਬਕਾ ਪ੍ਰਧਾਨ, ਸ. ਦਵਿੰਦਰ ਸਿੰਘ ਢਿੱਲੋਂ ਯੂ ਐਸ ਏ, ਪ੍ਰੋ: ਹਰਬੰਸ ਸਿੰਘ ਬੋਲੀਨਾ ਡਾਇਰੈਕਟਰ ਸਿੱਖਿਆ, ਭਾਈ ਜੋਗਾ ਸਿੰਘ, ਡਾ. ਜਸਦੀਪ ਸਿੰਘ ਸੈਣੀ ਮੈਡੀਕਲ ਸੁਪਰਡੈਂਟ, ਮੈਡਮ ਰਮਨਦੀਪ ਕੌਰ ਪ੍ਰਿੰਸੀਪਲ ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ, ਮੈਡਮ ਵਨੀਤਾ ਚੋਟ ਪ੍ਰਿੰਸੀਪਲ ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਢਾਹਾਂ ਕਲੇਰਾਂ, ਸ੍ਰੀ ਰਾਜਦੀਪ ਥਿਦਵਾਰ ਵਾਈਸ ਪ੍ਰਿੰਸੀਪਲ ਗੁਰੂ ਨਾਨਕ ਪੈਰਾ ਮੈਡੀਕਲ ਕਾਲਜ ਢਾਹਾਂ ਕਲੇਰਾਂ, ਮੈਡਮ ਦਵਿੰਦਰ ਕੌਰ ਨਰਸਿੰਗ ਸੁਪਰਡੈਂਟ, ਮੈਡਮ ਸਰਬਜੀਤ ਕੌਰ ਡੀ ਐਨ ਐਸ, ਮੈਡਮ ਦਲਜੀਤ ਕੌਰ ਪੰਨੂ, ਮੈਡਮ ਜੋਤੀ ਭਾਟੀਆ, ਸ. ਪ੍ਰੇਮ ਪ੍ਰਕਾਸ਼ ਸਿੰਘ, ਸ. ਕਮਲਜੀਤ ਸਿੰਘ, ਸ. ਭੁਪਿੰਦਰ ਸਿੰਘ, ਸ. ਰਣਜੀਤ ਸਿੰਘ ਮਾਨ, ਸ੍ਰੀ ਜੋਗਾ ਰਾਮ ਵੀ ਹਾਜ਼ਰ ਸਨ ।



ਬਾਬਾ ਬੁੱਧ ਸਿੰਘ ਢਾਹਾਂ ਜੀ ਦੇ 100ਵੇਂ ਜਨਮ ਦਿਨ ਨੂੰ ਸਮਰਪਿਤ ਫਰੀ ਮੈਗਾ ਮੈਡੀਕਲ ਚੈੱਕਅਪ ਕੈਂਪ ਦਾ ਉਦਘਾਟਨ ਕਰਦੇ ਹੋਏ ਸ. ਨਰਿੰਦਰ ਸਿੰਘ ਸ਼ੇਰਗਿੱਲ ਕੈਨੇਡਾ, ਨਾਲ ਹਨ ਡਾ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ, ਸ. ਦਰਸ਼ਨ ਸਿੰਘ ਮਾਹਿਲ, ਸ. ਮਲਕੀਅਤ ਸਿੰਘ ਬਾਹੜੋਵਾਲ ਅਤੇ ਹੋਰ ਪਤਵੰਤੇ

# ਬਸਪਾ ਉਮੀਦਵਾਰਾਂ ਨੇ ਬਸਪਾ ਆਗੂ ਪਰਵੀਨ ਬੰਗਾ ਦੀ ਅਗਵਾਈ ਵਿੱਚ ਤਿੰਨ ਜਿਲਾ ਪਰੀਸ਼ਦ ਤੇ 10 ਬਲਾਕ ਸੰਮਤੀ ਦੇ ਪੇਪਰ ਦਾਖਲ ਕੀਤੇ

**ਬੰਗਾ( ਚਰਨਜੀਤ ਸੱਲ੍ਹਾਂ )** ਬੰਗਾ ਬਹੁਜਨ ਸਮਾਜ ਪਾਰਟੀ ਵਲੋਂ ਜਿਲਾ ਪਰੀਸ਼ਦ ਤੇ ਬਲਾਕ ਸੰਮਤੀ ਚੋਣਾ ਵਿੱਚ ਬਹੁਜਨ ਸਮਾਜ ਪਾਰਟੀ ਵਲੋਂ ਬਸਪਾ ਪੰਜਾਬ ਦੇ ਜਨਰਲ ਸਕੱਤਰ ਪ੍ਰਵੀਨ ਬੰਗਾ ਜੋਨ ਇੰਚਾਰਜ ਦੀ ਅਗਵਾਈ ਵਿੱਚ ਜਿਲਾ ਪਰੀਸ਼ਦ ਜੋਨ ਕੁਲਥਮ ਤੋ ਹਰਪ੍ਰੀਤ ਕੋਰ ਪਤਨੀ ਹਰਜਿੰਦਰ ਜੰਡਾਲੀ ਮੈਂਬਰ ਬਲਾਕ ਸੰਮਤੀ, ਜਿਲਾ ਪਰੀਸ਼ਦ ਮੁਕੰਦਪੁਰ ਤੋ ਹਲਕਾ ਪ੍ਰਧਾਨ ਸੱਪਾਂ ਰਟੈਂਡਾ, ਜਿਲਾ ਪਰੀਸ਼ਦ ਖਟਕੜ ਕਲਾਂ ਤੋ ਨੋਜਵਾਨ ਆਗੂ ਪਰਮਜੀਤ ਦੋਸਾਂਝ ਬਲਾਕ ਸੰਮਤੀ ਖੋਥੜਾਂ ਤੋ ਰੇਖਾ ਰਾਣੀ , ਮੇਹਲੀ ਤੋ ਪ੍ਰਭਜੋਤ, ਮੰਢਾਲੀ ਤੋ ਚਰਨਜੀਤ ਮੰਢਾਲੀ, ਬਹਿਰਾਮ ਤੋ ਪਰਮਜੀਤ ਕੋਰ ਸਾਬਕਾ ਸਰਪੰਚ ਬਹਿਰਾਮ ਬੀਸਲਾ ਤੋ ਸਰਬਜੀਤ ਕੋਰ, ਭਰੋਮਜਾਰਾ ਤੋ ਸੁਰਿੰਦਰਾ,ਹਕੀਮਪੁਰ ਤੋ ਜੀਵਨ ਰਹਿਪਾ,ਬਖਲੋਰ ਤੋ ਸੁਰਿੰਦਰ ਬਖਲੋਰ ਸਾਹਲ ਤੋ ਵਰਿੰਦਰ ਕੁਮਾਰ ਤੇ ਗੁਣਾਚੋਰ ਤੋ ਬਸਪਾ ਦੇ ਸੀਨੀਅਰ ਆਗੂ ਵਿਜੇ ਗੁਣਾਚੋਰ ਦੇ ਪੇਪਰ ਦਾਖਲ ਕੀਤੇ ਇਸ ਮੋਕੇ ਤੇ ਬਸਪਾ ਆਗੂ ਪ੍ਰਵੀਨ ਬੰਗਾ ਨੇ ਆਖਿਆ ਇਨਕਲਾਬੀਆਂ ਦੀ ਸਰਕਾਰ ਵੀ ਰਿਵਾਇਤੀ ਪਾਰਟੀਆਂ ਵਾਂਗ ਚੋਰ ਦਰਵਾਜ਼ੇ ਰਾਹੀਂ ਜਿਲਾ ਪਰੀਸ਼ਦ ਤੇ ਬਲਾਕ ਸੰਮਤੀਆਂ ਤੇ ਕਬਜ਼ਾ ਕਰਨ ਦੇ ਉਦੇਸ਼ ਨੂੰ ਮੁਖ ਰਖਦੇ ਹੋਏ ਪੇਪਰ ਦਾਖਲ ਕਰਨ ਤੋ ਪਹਿਲਾਂ ਸਮਾਂ ਨਾ ਦੇਣਾ ਸਰਕਾਰ ਦੀ ਬੇਈਮਾਨੀ ਤੇ ਧੋਖਾ ਹੈ ਬਸਪਾ ਮਜਬੂਤੀ ਨਾਲ ਚੋਣ ਨਿਸ਼ਾਨ ਹਾਥੀ ਤੇ ਚੋਣਾਂ ਲੜੇਗੀ ਇਸ ਮੋਕੇ ਤੇ ਬਸਪਾ ਆਗੂ ਮਨੋਹਰ ਕਮਾਮ ਜਿਲਾ ਕੋਆਰਡੀਨੇਟਰ ਜਿਲਾ ਜਨਰਲ ਸਕੱਤਰ ਹਰ ਬਲਾਸ ਬਸਪਾ ਜਿਲਾ ਸਕੱਤਰ ਵਿਜੇ ਗੁਣਾਚੋਰ ਹਲਕਾ ਪਰਧਾਨ ਸਤਪਾਲ ਰਟੈਂਡਾ ਜਿਲਾ ਸਕੱਤਰ ਸੋਮ ਨਾਥ ਰਟੈਂਡਾ ਬੰਗਾ ਹਲਕੇ ਦੇ ਸਾਬਕਾ ਪ੍ਰਧਾਨ ਜੈ ਪਾਲ ਸੂੰਡਾ ਡਾ। ਸੋਮ ਨਾਥ ਲੋਧੀਪੁਰ, ਸਾਬਕਾ ਸਰਪੰਚ ਅਸ਼ੋਕ ਕੁਮਾਰ ਖੋਥੜਾਂ ਹਲਕਾ ਉਪ ਪ੍ਰਧਾਨ ਯੂਥ ਆਗੂ ਕੁਲਦੀਪ ਬਹਿਰਾਮ ਮਲਕੀਤ ਮੰਢਾਲੀ, ਜਸਵਿੰਦਰ ਕੋਰ ਸਾਬਕਾ ਸਰਪੰਚ ਖੋਥੜਾਂ ਲਖਵੀਰ ਗੋਸ਼ਾ ਸਾਬਕਾ ਮੈਂਬਰ ਪੰਚਾਇਤ ਮੇਹਲੀ, ਤੀਰਥ ਕਲਸੀ ਕੁਲਦੀਪ ਵਿਰਦੀ ਗੁਰਦੇਵ ਰਾਮ ਗੁਣਾਚੋਰ ਸਤਨਾਮ ਰਟੈਂਡਾ ਹਰਮੇਲ ਰਟੈਂਡਾ, ਸਰਪੰਚ ਸੁਰਿੰਦਰ ਭਰੋਮਜਾਰਾ।







# ਵੋਟਰ ਪਾਰਟੀ ਨੂੰ ਨਹੀਂ ਬਲਕਿ ਉਮੀਦਵਾਰ ਦੇ ਵਿਅਕਤੀਤਵ ਨੂੰ ਦੇਖਕੇ ਵੋਟ ਪਾਉਂਦੇ ਹਨ-ਮਾਸਟਰ ਵਿਨੋਕ ਕੁਮਾਰ ਅੱਪਰਾ

**ਫਿਲੌਰ/ਅੱਪਰਾ, (ਦੀਪਾ)**- ਅੱਜ ਅੱਪਰਾ ਵਿਖੇ ਗੱਲਬਾਤ ਕਰਦਿਆਂ ਬਲਾਕ ਸੰਮਤੀ ਜੋਨ ਅੱਪਰਾ-12 ਤੋਂ ਚੋਣ ਲੜ ਰਹੇ ਉਮੀਦਵਾਰ ਮਾਸਟਰ ਵਿਨੋਦ ਕੁਮਾਰ ਅੱਪਰਾ ਨੇ ਬੋਲਦਿਆਂ ਕਿਹਾ ਕਿ ਅੱਜ ਲੋਕ ਪਾਰਟੀ ਨੂੰ ਨਹੀਂ ਬਲਕਿ ਉਮੀਦਵਾਰ ਦੇ ਵਿਅਕਤੀਤਵ ਨੂੰ ਦੇਖਕੇ ਵੋਟ ਪਾ ਰਹੇ ਹਨ ।ਉਨਾਂ ਅੱਗੇ ਬੋਲਦਿਆਂ ਕਿਹਾ ਕਿ ਅੱਜ ਦੇ ਦੌਰ 'ਚ ਵੋਟਰ ਸਮਾਰਟ ਹੋ ਚੁੱਕੇ ਹਨ ਤੇ ਨੇਤਾਵਾਂ ਦੇ ਨਾਲ ਹੀ ਰਾਜਨੀਤੀ ਖੇਡ ਰਹੇ ਹਨ ।ਉਨਾਂ ਅੱਗੇ ਕਿਹਾ ਕਿ ਉਸ ਉਮੀਦਵਾਰ ਨੂੰ ਵੋਟ ਪਾਉਣੀ ਚਾਹੀਦੀ ਹੈ, ਜੋ ਉਮੀਦਵਾਰ ਤੁਹ-ਾਡੇ ਕੰਮ ਕਰਵਾ ਸਕਦਾ ਹੈ ਤੇ ਕੰਮ ਆਉਂਦਾ ਹੈ ।ਉਨਾਂ ਅੱਗੇ ਕਿਹਾ ਕਿ ਉਨਾਂ ਨੂੰ ਜੋਨ ਅੱਪਰਾ ਦੇ ਵੋਟਰਾਂ ਤੋਂ ਉਮੀਦ ਹੈ ਕਿ ਉਹ ਇਨਾਂ ਵੋਟਾਂ 'ਚ ਵੀ ਮੇਰਾ ਹਰ ਵਾਰ ਦੀ ਤਰਾਂ ਸਾਥ ਦੇਣਗੇ ।



# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
# HOMOEOPATHIC HEALTH CLINIC (DERBY) REGD.



MANJEET SINGH KHANBA
Award Winner 1999, 2001 & 2005
(2 Awards) BSYA

... (FREE CONSULTATION) ...

GENERAL DISEASES: ... (Diabetes), ... (Asthma), ... (Arthritis), ... (Rheumatism), ... (Sciatica), ... (Indigestion), ... (Heart Burning) ... (Constipation), ... (Piles) ... (Haemorrhoids), ... (Flatulence), ... (Jaundice), ... (Hepatitis), ... (Hernia), ... (Blood Presure High or Low), ... (Obesity), ... (Migraine), ... (Hair Falling) ... (Alopecia), ... (Acne), ... (Pigmentation), ... (Bleeding Gums & Pyorrhoea), ... (Tinnitis) ... (Vertigo), ... (Anaemia), ... (Neuralgia), ... (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) ਸਰੀਰਕ ਸ਼ਕਤੀ ANAEMIA ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ: (NERVE TONIC)- ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ਮਰਦਾਨਾ ਤਾਕਤ ... 1 ਮਹੀਨੇ ਦੀ ਕੀਮਤ £35
2) ... 1 ਮਹੀਨੇ ਦੀ ਕੀਮਤ £35
3) ... (HEALTHY SPERMS) ... 1 ਮਹੀਨੇ ਦੀ ਕੀਮਤ £40
4) ... 1 ਮਹੀਨੇ ਦੀ ਕੀਮਤ £35
5) ... 1 ਮਹੀਨੇ ਦੀ ਕੀਮਤ £35
6) ... 1 ਮਹੀਨੇ ਦੀ ਕੀਮਤ £30
7) ... 1 ਮਹੀਨੇ ਦੀ ਕੀਮਤ £25
8) ... 1 ਮਹੀਨੇ ਦੀ ਕੀਮਤ £25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :

... (AZOOSPERMIA) ... (HYDROCELE) ... (GONORRHOEA) ... (PROSTATE GLAND) ... (SYPHILIS) ... (VARICOCELE) ...

## ਔਰਤਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ (SCIENTIFICALLY PROVEN 'NATURAL GIFTS')

ਨੁਸਖਾ ਨੰਬਰ 1 (IN TABLETS) ... (PIGMENTATION WHITE SPOTS) ... £69
ਨੁਸਖਾ ਨੰਬਰ 2 (IN CAPSULES OR IN PEARLS) ... PROPER SHAPE ... £89
ਨੁਸਖਾ ਨੰਬਰ 3 (IN CAPSULES) ... (POWERFUL FAT BURNER) ... £69
ਨੁਸਖਾ ਨੰਬਰ 4 (IN CAPSULES) ... (FLABBY & OUT OF SHAPE BELLY) ... FLAT ... TONED ... £69
ਨੁਸਖਾ ਨੰਬਰ 5 (IN CAPSULES) ... (FEMALE SEX-DRIVE) ... A REAL MAGIC ... £69
ਨੁਸਖਾ ਨੰਬਰ 6 (GEL IN APPLICATORS) ... SEXUAL DISCOMFORT ... VAGINAL LUBRICATION GEL (MAGIC) — £49
ਨੁਸਖਾ ਨੰਬਰ 7 (IN CAPSULES) ... (MENOPAUSE) ... CALCIUM ... (OSTEOPOROSIS) ... £59
ਨੁਸਖਾ ਨੰਬਰ 8 (IN CAPSULES) ... £59
ਨੁਸਖਾ ਨੰਬਰ 9 (IN CAPSULES) ... £59
ਨੁਸਖਾ ਨੰਬਰ 10 (IN CAPSULES) ... GUARANTEED GOOD QUALITY SLEEP ... £59
ਨੁਸਖਾ ਨੰਬਰ 11 (IN TABLETS) ... (ANAEMIA) ... £49

ਮਰਦਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS) ... (SPECIAL OCCASIONS) ... £89
ਨੁਸਖਾ ਨੰਬਰ 13 (IN VIALS) ... £89
ਨੁਸਖਾ ਨੰਬਰ 14 (IN TABLETS) ... SEXUAL ... MALE DISORDERS ... £69

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

... (Dysmenorrhoea) ... (Atrophy of Mammae) ... (Mastitis) ... (Uterus) ... (Physometra) ... (Fibroid Uterine) ... (Diseases of Ovaries) ... (Ovarian Cysts) ... (Vaginimus) ... (Vaginitis) ... (Frigidity) ... (Prutits) ... (Sterility) ... (Miscarriage) ... (Diseases of Post Partum) ... (Menopause Disorders) ...

ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।

LADY CONSULTANT & PRACTITIONER IS AVAILABLE, MRS. JASWINDER KAUR KHANBA BSYA, (HOM.), (A.P.) AND (NUTRI.)

ਬੱਚਿਆਂ ਦੀ ਬੀਮਾਰੀਆਂ, ਜਿਵੇਂ: ... (Stammering) ... (Tonsilits) ... (Worms) ... (Enuresis) ... (Wheezing Problem) ... (Eczema) ... (Psoriasis) ... (Anaemia) ... (Backward Children) ... (Rickets) ... (Epilepsy) ...

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

| | | |
|---|---|---|
| PILAES | (IN OINTMENT) ... | £19 |
| NURALACO | (IN OINTMENT OR LOTION) ... | £19 |
| CHILLAGA | (IN OINTMENT OR LOTION) ... | £19 |
| ARNSTRA | (IN OINTMENT) ... (SPRAINS) ... (BED SORES) ... | £19 |
| BELINFLA | (IN OIL OR OINTMENT) ... | £19 |
| BELULCE | (IN OIL) ... ULCERS ... | £19 |
| BRYJOIN | (IN OIL) ... | £19 |
| CALWOUN | (IN OIL OR OINTMENT) ... | £19 |
| BURCAN | (IN LOTION OR OINTMENT) ... | £19 |
| ROUTUM | (IN OINTMENT) ... | £19 |
| JOINRHU | (IN OIL) ... | £19 |
| ABSSIL | (IN LOTION) ... | £19 |
| ITCSUL | (IN OIL) ... | £19 |
| WARTHU | (IN OIL) ... (WARTS) ... | £19 |

* HOMOEOPATHIC HEALTH CLINIC ... £10 ...

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER.
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS STRICTLY ON APPOINTMENTS

# ਐਸਸੀ ਬੀਸੀ ਅਤੇ ਮਸੀਹੀ ਭਾਈਚਾਰੇ ਨੇ ਧਾਰੀਵਾਲ ਥਾਣੇ ਅੱਗੇ ਲਾਇਆ ਰੋਸ ਧਰਨਾ

**ਧਾਰੀਵਾਲ (ਚਰਨਜੀਤ ਸੱਲ੍ਹਾਂ)** ਐਸਸੀ ਬੀਸੀ ਅਤੇ ਮਸੀਹੀ ਭਾਈਚਾਰੇ ਨੇ ਧਾਰੀਵਾਲ ਪੁਲਿਸ ਵਲੋਂ ਨੌਜਵਾਨਾਂ ਤੇ ਕੀਤੇ ਝੂਠੇ ਪਰਚਿਆਂ ਦੇ ਰੋਸ ਵਜੋਂ ਅੱਜ ਥਾਣਾ ਧਾਰੀਵਾਲ ਵਿਖੇ ਕ੍ਰਿਸਚੀਅਨ ਨੈਸ਼ਨਲ ਫਰੰਟ ਦੇ ਪੰਜਾਬ ਯੂਥ ਪ੍ਰਧਾਨ ਬੱਬਾ ਗਿੱਲ ਦੀ ਅਗਵਾਈ ਹੇਠ ਰੋਸ ਧਰਨਾ ਲਾਇਆ ਗਿਆ। ਲਾਰੈਂਸ ਚੌਧਰੀ ਰਾਸ਼ਟਰੀ ਪ੍ਰਧਾਨ ਅਤੇ ਸੀਐਸਐਫ ਦੇ ਪੰਜਾਬ ਪ੍ਰਧਾਨ ਆਰਿਫ ਮਸੀਹ ਚੌਹਾਨ ਨੇ ਧਰਨੇ ਵਿੱਚ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ।ਇਸ ਮੌਕੇ ਆਰਿਫ ਚੌਹਾਨ ਪੰਜਾਬ ਪ੍ਰਧਾਨ ਨੇ ਧਰਨਾਕਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਧਾਰੀਵਾਲ ਪੁਲਿਸ ਵੱਡੇ ਮਗਰਮੱਛਾਂ ਨੂੰ ਫੜਨ ਦੀ ਬਜਾਏ ਨੌਜਵਾਨਾਂ ਤੇ ਝੂਠੇ ਪਰਚ ਦਰਜ ਕਰ ਗ੍ਰਿਫਤਾਰ ਕਰਨ ਦੀ ਸਖ਼ਤ ਨਿਖੇਧੀ ਕੀਤੀ। ਉਹਨਾਂ ਕਿਹਾ ਕਿ ਇਕੱਲੇ ਧਾਰੀਵਾਲ ਥਾਣੇ ਵਿੱਚ ਹੀ ਨਹੀਂ ਜ਼ਿਲੇ ਦੇ ਸਾਰੇ ਥਾਣਿਆਂ ਵਿੱਚ ਝੂਠੇ ਪਰਚੇ ਪਾ ਕੇ ਨੌਜਵਾਨਾਂ ਨੂੰ ਜੇਲਾਂ ਵਿੱਚ ਸੁੱਟਿਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਜੇਕਰ ਪੁਲਿਸ ਦੀ ਗਰੀਬਾਂ ਵਿਰੁੱਧ ਧੱਕੇਸ਼ਾਹੀ ਨਾ ਬੰਦ ਹੋਈ ਤਾ ਪੂਰੇ ਪੰਜਾਬ ਅੰਦਰ ਸੰਘਰਸ਼ ਵਿੱਢਿਆ ਜਾਵੇਗਾ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਸ਼ਟਰੀ ਪ੍ਰਧਾਨ ਲਾਰੈਂਸ ਚੌਧਰੀ ਨੇ ਕਿਹਾ ਕਿ ਨਸ਼ਾ ਮੁਕਤ ਪੰਜਾਬ ਕਰਨ ਲਈ ਯੁੱਧ ਨਸ਼ਿਆ





ਵਿਰੁੱਧ ਛੇੜੀ ਮੁਹਿਮ ਦੀ ਕੀਤੀ ਸਲਾਘਾ ਕੀਤੀ ਉਹਨਾਂ ਕਿਹਾ ਕਿ ਸਰਕਾਰ ਨੇ ਤਾਂ ਕਿਹਾ ਸੀ ਕਿ ਨਸ਼ਾ ਕਰਨ ਵਾਲੇ ਨੌਜਵਾਨਾਂ ਦਾ ਇਲਾਜ ਕਰਾਇਆ ਜਾਵੇਗਾ ਅਤੇ ਵੇਚਣ ਵਾਲਿਆਂ ਤੇ ਸਖਤ ਕਾਰਵਾਈ ਕੀਤੀ ਜਾਵੇਗੀ ਪ੍ਰੰਤੂ ਹੋ ਉਲਟ ਰਿਹਾ ਹੈ।ਕਾਰਵਾਈ ਨਸ਼ੇ ਦੇ ਆਦੀ ਗਰੀਬ ਐਸਸੀ ਬੀਸੀ ਨੌਜਵਾਨਾਂ ਤੇ ਵੇਚਣ ਵਾਲਿਆਂ ਨਾਲ ਮਿਲੀਭੁਗਤ ਹੋ ਰਹੀ ਆ ਉਨਾ ਕਿਹਾ ਕਿ ਜੇਕਰ ਪੰਜਾਬ ਨੂੰ ਸਹੀਂ ਤਰੀਕੇ ਨਾਲ ਨਸ਼ਾ ਮੁਕਤ ਬਣਾਉਣਾ ਹੈ ਤਾਂ ਯੁੱਧ ਨਸ਼ੇ ਦੇ ਸਮੱਗਲਰਾਂ ਵਿਰੁੱਧ ਕਰਨਾ ਪਵੇਗਾ ਜਦ ਤੱਕ ਨੈਕਸਿਸ ਬ੍ਰੇਕ ਨਹੀਂ ਹੁੰਦਾ ਆਮ ਨੌਜਵਾਨ ਇਸ ਛੇਵੇਂ ਦਰਿਆ ਵਿੱਚ ਰੁੜਦੇ ਜਾਣਗੇ ਉਹਨਾਂ ਕਿਹਾ ਕਿ ਪਿਛਲੇ ਦਿਨੀ ਧਾਰੀਵਾਲ ਥਾਣੇ ਵਿੱਚ ਚਾਰ ਝੂਠੇ ਕੀਤੇ ਮੁਕੱਦਮਿਆਂ ਸਬੰਧੀ ਪੁਲਿਸ ਦੇ ਉੱਚ ਅਧਿਕਾਰੀਆਂ ਵੱਲੋਂ ਝੂਠੇ ਪਰਚੇ ਰੱਦ ਕਰਨ ਦੇ ਦਿੱਤੇ ਭਰੋਸੇ ਤੋਂ ਬਾਅਦ ਧਰਨੇ ਨੂੰ ਮੰਗ ਪੱਤਰ ਸੌਂਪਣ ਉਪਰੰਤ ਸਮਾਪਤ ਕੀਤਾ ਗਿਆ ।ਇਸ ਮੌਕੇ ਸੂਬਾ ਸਕੱਤਰ ਵਿਲਸਨ,ਜਿਲ੍ਹਾ ਪ੍ਰਧਾਨ ਸਾਹਿਬ ਮਸੀਹ,ਰਾਕੇਸ਼ ਗਿੱਲ ਜਿਲ੍ਹਾ ਯੂਥ ਪ੍ਰਧਾਨ,ਪੀਟਰ ਸਹੋਤ ਪ੍ਰਧਾਨ ਤਾਲਮੇਲ ਕਮੇਟੀ,ਪੀਟਰ ਸੇਖਾ,ਪਵਨ ਕੁਮਾਰ ਵੱਡਾ,ਸਿਕੰਦਰ ਪ੍ਰਧਾਨ,ਜੱਕੀ ਪ੍ਰਧਾਨ,ਪਾ.ਦਵਿੰਦਰ,ਪ੍ਰਧਾਨ ਸੈਮੀਅਲ ਵਡਾਲਾ ਵਾਗਰ,ਬਖਸੀਸ,ਰਾਜੂ,ਸਤਨਾਮ ਕਲਿਆਣਕਾਰ,ਪੀਟਰ ਸ਼ੇਖਾਂ,ਗੌਤਮ ਪ੍ਰਧਾਨ,ਸਰਦੂਲ ਮਸੀਹ,ਮੁਖਤਿਆਰ ਮਸੀਹ,ਨਿਸ਼ੂ ਮਹਾਜਨ ਆਦਿ ਸ਼ਾਮਿਲ ਹੋਏ।

# ਆਰ. ਐਸ. ਐਸ ਦਾ 100 ਸਾਲ ਦਾ ਗੱਦਾਰੀ ਵਾਲਾ ਇਤਿਹਾਸ-ਸੋਮ ਦੱਤ ਸੋਮੀ

## ਮੈਨੂੰ ਸਾਰੀ ਉਮਰ ਅੰਗੇਰਜਾਂ ਦੀ ਗੁਲਾਮੀ ਮਨਜ਼ੂਰ ਹੈ, ਪਰੰਤੂ, ਦਲਿਤ, ਪਛੜੇ ਤੇ ਮੁਸਿਲਮਾਨਾਂ ਦੀ ਬਰਾਬਰੀ ਦਾ ਅਧਿਕਾਰ ਮਨਜ਼ੂਰ ਨਹੀਂ-ਗੋਲਕਰ


**ਫਿਲੌਰ/ਅੱਪਰਾ, (ਦੀਪਾ)**- ਅੱਜ ਅੱਪਰਾ ਵਿਖੇ ਗੱਲਬਾਤ ਕਰਦਿਆਂ ਸੀਨੀਅਰ ਕਾਂਗਰਸੀ ਆਗ ਸੋਮ ਦੱਤ ਸੋਮੀ ਨੇ ਕਿਹਾ ਕਿ ਆਰ. ਐੱਸ. ਐਸ ਦਾ ਦੇਸ਼ ਭਗਤੀ ਦਾ ਨਹੀਂ ਬਲਕਿ ਦੇਸ਼ ਗੱਦਾਰੀ ਦਾ ਕਾਲਾ ਇਤਿਹਾਸ ਹੈ । ਭਾਰਤ ਜਦੋਂ ਦੇਸ਼ ਦੀ ਅਜਾਦੀ ਦੀ ਲੜਾਈ ਲੜ ਰਿਹਾ ਸੀ ਤਾਂ ਆਰ. ਐੱਸ. ਐਸ ਨੇ ਕਦੇ ਵੀ ਦੇਸ਼ ਦੀ ਅਜਾਦੀ ਦੀ ਲੜਾਈ 'ਚ ਹਿੱਸਾ ਨਹੀਂ ਲਿਆ ਤਾਂ ਹੁਣ ਆਰ. ਐਸ ਐਲ ਕਿਨਾਂ ਦੇਸ਼ ਭਗਤਾਂ ਦੀ ਗੱਲ ਕਰ ਰਿਹਾ ਹੈ । ਦੇਸ਼ ਦੇ ਵੀਰ ਜਵਾਨ ਜਦੋਂ ਦੇਸ਼ ਦੀ ਅਜਾਦੀ ਦੀ ਲੜਾਈ 'ਚ ਯੋਗਦਾਨ ਦੇ ਰਹੇ ਸਨ ਤਾਂ ਆਰ ਐਸ.



ਐਸ ਇਨਾਂ ਦੀ ਮੁਖਬਰੀ ਕਰ ਰਿਹਾ ਸੀ । 1942 ਦੇ ਅੰਦੋਲਨ ਦੌਰਾਨ ਜਦੋਂ ਪੂਰਾ ਭਾਰਤ ਦੇਸ਼ ਦੀ ਅਜਾਦੀ ਲਈ ਸੜਕਾਂ ਤੇ ਸੀ ਤਾਂ ਸ਼ਿਆਮਾ ਪ੍ਰਸ਼ਾਦ ਮੁਖਰਜੀ ਇਸ ਅੰਦੋਲਨ ਨੂੰ ਕੁਚਲਨ ਲਈ ਅੰਗਰੇਜਾਂ ਨਾਲ ਖੜਾ ਸੀ । ਇਨਾਂ ਹੀ ਨਹੀਂ ਉਸ ਸਮੇਂ ਪਾਕਿਸਤਾਨ ਦੀ ਮੁਸਲਿਮ ਲੀਗ ਨਾਲ ਗਠਜੋੜ ਕਰਕੇ ਸਰਕਾਰ ਚਲਾ ਰਹੇ ਸਨ । ਸੱਚ ਤਾਂ ਇਹ ਹੈ ਕਿ ਸੰਘ ਦੇ ਕਿਸੇ ਵੀ ਵਰਕਰ ਨੇ ਭਾਰਦ ਦਾ ਅਜਾਦੀ ਦੀ ਲੜਾਈ 'ਚ ਹਿੱਸਾ ਨਹੀਂ ਲਿਆ । ਸੰਘ ਨੇ ਹਮੇਸ਼ਾ ਹੀ ਹਿੰਸਾ ਫਲੈਈ, ਸਮਾਜ ਨੂੰ ਵੰਡਿਆ ਤੇ ਦੇਸ਼ ਨੂੰ ਕਮਜੋਰ ਕਰਨ ਦੀ ਸਾਜਿਸ਼ ਰਚੀ । ਇੱਕ ਵਾਰ ਗੋਲਕਰ ਨੇ ਕਿਹਾ ਸੀ ਕਿ ਮੈਨੂੰ ਸਾਰੀ ਉਮਰ ਅੰਗੇਰਜਾਂ ਦੀ ਗੁਲਾਮੀ ਮਨਜ਼ੂਰ ਹੈ, ਪਰੰਤੂ, ਦਲਿਤ, ਪਛੜੇ ਤੇ ਮੁਸਿਲਮਾਨਾਂ ਦੀ ਬਰਾਬਰੀ ਦਾ ਅਧਿਕਾਰ ਮਨਜ਼ੂਰ ਨਹੀਂ । ਇਹ ਸਾਰੀ ਆਰ. ਐਸ. ਐਸ ਦੀ ਹੀ ਅਸਲੀ ਮਾਨਸਿਕਤਾ ਸੀ । ਸੋਮ ਦੱਤ ਸੋਮੀ ਨੇ ਅੱਗੇ ਕਿਹਾ ਕਿ ਸੰਘ ਦਾ ਅਸਲੀ ਚਰਿੱਤਰ ਸੱਤਾ 'ਤੇ ਕਬਜਾ ਕਰਨਾ ਤੇ ਦੇਸ਼ ਨੂੰ ਕਮਜੋਰ ਕਰਨ ਤੇ ਦੇਸ਼ ਨੂੰ ਤੋੜਨ ਦੀ ਰਾਜਨੀਤੀ ਨਾਲ ਭਰਿਆ ਹੈ ।

# ਲਿੰਗ ਅਨੁਪਾਤ ਵਿੱਚ ਹੁਸ਼ਿਆਰਪੁਰ ਨੇ ਹਾਂਸਿਲ ਕੀਤਾ ਪੰਜਾਬ ਭਰ ਵਿੱਚ ਪਹਿਲਾ ਸਥਾਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**ਸਿਹਤ ਵਿਭਾਗ ਪੰਜਾਬ ਵੱਲੋਂ ਜਾਰੀ ਤਾਜ਼ਾ ਆਂਕੜਿਆਂ ਅਨੁਸਾਰ ਜ਼ਿਲਾ ਹੁਸ਼ਿਆਰਪੁਰ ਨੇ ਲਿੰਗ ਅਨੁਪਾਤ ਵਿੱਚ ਲਗਾਤਾਰ ਬਿਹਤਰੀ ਦੇ ਆਧਾਰ 'ਤੇ ਪੂਰੇ ਸੂਬੇ ਵਿੱਚ ਪਹਿਲਾ ਸਥਾਨ ਹਾਸਿਲ ਕਰਕੇ ਇੱਕ ਮਹੱਤਵਪੂਰਨ ਉਪਲਬਧੀ ਦਰਜ ਕੀਤੀ ਹੈ। ਜ਼ਿਲੇ ਵਿੱਚ ਹਰ 1000 ਮੁੰਡਿਆਂ ਪਿੱਛੇ 970 ਕੁੜੀਆਂ ਦਰਜ ਕੀਤੀਆਂ ਗਈਆਂ ਹਨ, ਜੋ ਕਿ ਲਿੰਗ ਸਮਾਨਤਾ ਵੱਲ ਇੱਕ ਸਾਕਾਰਾਤਮਕ ਬਦਲਾਅ ਨੂੰ ਦਰਸਾਉਂਦੀਆਂ ਹਨ। ਇਸ ਕਾਬਿਲ-ਏ-ਤਾਰੀਫ਼ ਪ੍ਰਦਰਸ਼ਨ ਲਈ ਸੂਬਾ ਪੱਧਰ 'ਤੇ ਆਯੋਜਿਤ ਸਮਾਗਮ ਦੌਰਾਨ ਸਿਹਤ ਮੰਤਰੀ ਮਾਣਯੋਗ ਡਾ. ਬਲਬੀਰ ਸਿੰਘ ਵੱਲੋਂ ਸਿਵਲ ਸਰਜਨ ਹੁਸ਼ਿਆਰਪੁਰ ਡਾ. ਬਲਵੀਰ ਸਿੰਘ ਅਤੇ ਜ਼ਿਲਾ ਪਰਿਵਾਰ ਭਲਾਈ ਅਫ਼ਸਰ ਡਾ. ਰਣਜੀਤ ਸਿੰਘ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪੀਐਨਡੀਟੀ ਕੋਆਰਡੀਨੇਟਰ ਅਭੇ ਮੋਹਨ ਵੀ ਉਪਸਥਿਤ ਰਹੇ।ਸਿਵਲ ਸਰਜਨ ਹੁਸ਼ਿਆਰਪੁਰ ਡਾ. ਬਲਵੀਰ ਸਿੰਘ ਨੇ ਦੱਸਿਆ ਕਿ









ਸਿਹਤ ਮੰਤਰੀ ਵੱਲੋਂ ਜ਼ਿਲੇ ਦੀਆਂ ਬੇਟੀ ਬਚਾਓ ਬੇਟੀ ਪੜਾਓ ਜਾਗਰੂਕਤਾ ਗਤੀਵਿਧੀਆਂ, ਪੀਸੀਪੀਐਨਡੀਟੀ ਐਕਟ ਦੀ ਸਖ਼ਤ ਲਾਗੂਅਤ ਅਤੇ ਲਿੰਗ ਸਮਾਨਤਾ ਲਈ ਵਿਭਾਗ ਵੱਲੋਂ ਕੀਤਿਆਂ ਸਮਰਪਿਤ ਯਤਨਾਂ ਦੀ ਖ਼ਾਸ ਤੌਰ 'ਤੇ ਸ਼ਲਾਘਾ ਕੀਤੀ ਗਈ ਹੈ। ਮੁੱਖ ਮੰਤਰੀ ਮਾਣਯੋਗ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲਿੰਗ ਅਨੁਪਾਤ ਦੇ ਸੰਤੁਲਨ ਅਤੇ ਕੁੜੀਆਂ ਦੇ ਜਨਮ ਨੂੰ ਪ੍ਰੋਤਸਾਹਿਤ ਕਰਨ ਲਈ ਵਿਸ਼ੇਸ਼ ਉਪਰਾਲੇ ਕਰ ਰਹੀ ਹੈ। ਜ਼ਿਲਾ ਪਰਿਵਾਰ ਭਲਾਈ ਅਫ਼ਸਰ ਡਾ. ਰਣਜੀਤ ਸਿੰਘ ਨੇ ਕਿਹਾ ਕਿ ਇਹ ਉਪਲਬਧੀ ਜ਼ਿਲੇ ਦੇ ਹਰੇਕ ਅਧਿਕਾਰੀ, ਮੈਡੀਕਲ ਅਫਸਰ, ਫ਼ੀਲਡ ਸਟਾਫ਼, ਆਸ਼ਾ ਵਰਕਰਾਂ ਦੇ ਨਾਲ-ਨਾਲ ਜ਼ਿਲਾ ਹੁਸ਼ਿਆਰਪੁਰ ਦੇ ਵਸਨੀਕਾਂ ਦੇ ਸਾਂਝੇ ਯਤਨਾਂ ਦਾ ਨਤੀਜਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜ਼ਿਲੇ ਵਿੱਚ ਹਰ ਲੜਕੀ ਨੂੰ ਜਨਮ ਤੋਂ ਲੈ ਕੇ ਪੂਰੇ ਵਿਕਾਸ ਤੱਕ ਬਰਾਬਰ ਦੇ ਮੌਕੇ ਮੁਹੱਈਆ ਕਰਵਾਉਣਾ ਸਿਹਤ ਵਿਭਾਗ ਦੀ ਪ੍ਰਾਥਮਿਕਤਾ ਹੈ।

# ਕੇ.ਸੀ ਸੁਲੇਖ ਜੀ ਨੂੰ ਸ਼ਰਧਾਂਜਲੀ

ਮਿਤੀ 30 ਨਵੰਬਰ ਦਿਨ ਐਤਵਾਰ ਨੂੰ ਸਾਡੇ ਬਹੁਤ ਹੀ ਉੱਘੇ ਮਿਸ਼ਨਰੀ, ਪ੍ਰੇਰਨਾਦਾਇਕ, ਉੱਘੇ ਲੇਖਕ, ਟਿੱਪਣੀਕਾਰ ਅਤੇ ਵਿਸ਼ਲੇਸ਼ਕ ਸਤਿਕਾਰਯੋਗ ਸ਼੍ਰੀ ਕੇ. ਸੀ. ਸੁਲੇਖ ਜੀ ਦਾ ਸ਼ਰਧਾਂਜਲੀ ਸਮਾਰੋਹ ਪ੍ਰਬੁੱਧ ਭਾਰਤ ਫਾਊਂਡੇਸ਼ਨ ਵਲੋਂ ਡੱਲੇਵਾਲ ਰੋਡ ਗੁਰਾਇਆ ਵਿਖੇ ਮਨਾਇਆ ਗਿਆ। ਇੱਥੇ ਇਹ ਵੀ ਵਰਨਣਯੋਗ ਹੈ ਕਿ ਸੁਲੇਖ ਸਾਹਿਬ ਜੀ ਜੋ ਕਿ ਕਈ ਸਾਲ (1948-1952) ਤੱਕ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦੇ ਸਰਗਰਮ ਸੰਪਰਕ ਵਿੱਚ ਰਹੇ ਸਨ ਅਤੇ ਪ੍ਰਧਾਨ ਸੇਠ ਕਿਸ਼ਨ ਦਾਸ ਜੀ ਨਾਲ ਮਿਲ ਕੇ ਅਕਤੂਬਰ 1951 ਵਿੱਚ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦਾ ਪੰਜਾਬ ਦੇ ਪ੍ਰਮੁੱਖ ਸ਼ਹਿਰਾਂ ਜਲੰਧਰ, ਲੁਧਿਆਣਾ ਅਤੇ ਪਟਿਆਲਾ ਵਿਖੇ ਸਫ਼ਲਤਾ ਪੂਰਵਕ ਇਲੈਕਸ਼ਨੀ ਦੌਰਾ ਕਰਵਾਇਆ। ਇਸ ਤੋਂ ਇਲਾਵਾ ਉਨ੍ਹਾਂ ਨੇ ਸਮਾਜਿਕ ਜਾਗ੍ਰਿਤੀ ਅਤੇ ਦਲਿਤ ਮੁੱਕਤੀ ਅੰਦੋਲਨ ਹਿਤ ਅਨੇਕਾਂ ਲੇਖ, ਕਿਤਾਬਾਂ, ਹਲੂਣੇ ਲਿਖੇ, ਅਨੁਵਾਦ ਕੀਤੇ ਅਤੇ ਇਸ ਤੋਂ ਇਲਾਵਾ ਬਹੁਤ ਟੀ.ਵੀ.ਇਟਰਵਿਊ ਵੀ ਕੀਤੇ ਅਤੇ ਅੰਬੇਡਕਰਵਾਦ ਦਾ ਰਸਤਾ ਸਾਫ਼ ਕੀਤਾ। ਪਰ ਅੰਤ ਨੂੰ ਮਿਤੀ 16-10-2025 ਨੂੰ ਉਹ ਸਾਨੂੰ ਸਰੀਰਕ ਰੂਪ ਵਿੱਚ ਵਿਛੋੜਾ ਦੇ ਗਏ, ਜਿਸ ਨੂੰ ਮੁੱਖ ਰੱਖਦੇ ਹੋਏ ਮਿਸ਼ਨਰੀ ਸਾਥੀਆਂ ਵੱਲੋਂ ਇਹ ਸਮਾਗਮ ਰੱਖਿਆ




ਗਿਆ। ਇਸ ਸਮਾਗਮ ਵਿੱਚ ਸਮਾਜ ਦੇ ਉੱਘੇ ਲੇਖਕਾਂ ਅਤੇ ਮਿਸ਼ਨਰੀਆਂ ਨੇਂ ਸੁਲੇਖ ਸਾਹਿਬ ਜੀ ਦੇ ਉੱਚੇ, ਸੱਚੇ ਅਤੇ ਇਮਾਨਦਾਰ ਯੋਗਦਾਨ ਲਈ ਸ਼ਰਧਾਂਜਲੀ ਦਿੱਤੀ। ਸੁਲੇਖ ਜੀ ਨੂੰ ਅਸੀਂ ਸਾਰੇ ਜਾਣਦੇ ਹਾਂ ਕਿ ਉਹ ਸੱਚ ਲਿਖਣ, ਬੋਲਣ ਅਤੇ ਕਹਿਣ ਲਈ ਹਿੰਮਤ ਰੱਖਦੇ ਸਨ ਅਤੇ ਉਨਾਂ ਨੇਂ ਇਹ ਆਪਣੀਆਂ ਲਿਖਤਾਂ ਨਾਲ ਸਾਬਤ ਵੀ ਕੀਤਾ। ਇਸ ਸਮਾਗਮ ਨੂੰ ਪ੍ਰਬੁੱਧ ਭਾਰਤ ਫਾਊਂਡੇਸ਼ਨ ਦੇ ਨਾਲ ਬਾਹਰਲੇ ਲੋਕਾਂ ਨੇਂ ਵੀ ਸਹਿਯੋਗ ਦਿੱਤਾ ਜਿਸ ਵਿੱਚ ਰਾਜ ਕੁਮਾਰ ਓਸ਼ੋਰਾਜ, ਰਾਮਪਾਲ ਰਾਹੀ, ਡੀ. ਸੀ. ਮਹੇ ਅਤੇ ਇੰਜ ਵਿਸ਼ਾਲ ਖੈਰਾ ਵੀ ਸ਼ਾਮਲ ਹਨ। ਇਸ ਪ੍ਰੋਗਰਾਮ ਵਿੱਚ ਜਿਨਾਂ ਨੇਂ ਸੁਲੇਖ ਸਾਹਿਬ ਜੀ ਨਾਲ ਬਿਤਾਏ ਹੋਏ ਸਮੇਂ ਦੀਆਂ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ ਅਤੇ ਸ਼ਰਧਾਂਜਲੀ ਪੇਸ਼ ਕੀਤੀ, ਉਨਾਂ ਵਿੱਚ ਸ਼ਾਮਲ ਸਨ: ਡਾ. ਰਾਹੁਲ ,ਡਾ. ਰਜਿੰਦਰ ਕੁਮਾਰ ਧਿੰਦ, ਡਾ. ਸੁਭਾਸ਼ ਚੌਹਾਨ, ਡਾ.ਗੁਰਦੀਸ਼ ਕੈਲੇ, ਵਰਿੰਦਰ ਲਾਖਾ, ਗੁਰਦਿਆਲ ਬੌਧ, ਐਸ. ਐਲ. ਵਿਰਦੀ, ਸੋਹਣ ਸਹਿਜਲ, ਰਮੇਸ ਕੌਲ, ਐਡਵੋਕੇਟ ਚਰਨਜੀਤ ਪੁਆਰੀ, ਡਾ. ਇੰਦਰਜੀਤ ਕਜਲਾ, ਰਾਜ ਕੁਮਾਰ ਨਕੋਦਰ, ਸ੍ਰੀ ਜਗਦੀਸ਼ ਲਾਲ, ਸੰਦੀਪ ਸਰੋਏ, ਤਜਿੰਦਰ ਜੱਸੀ ਆਦਿ ਹਾਜ਼ਰ ਸਨ। ਇਨ੍ਹਾ ਸਾਥੀਆਂ ਵੱਲੋਂ ਧੰਮ ਪ੍ਰਚਾਰਕ ਇੰਜ: ਵਿਸ਼ਾਲ ਖੈਰਾ ਵੱਲੋਂ ਲਿਖੀ ਗਈ ਬੁੱਧ ਅਤੇ ਉਨ੍ਹਾਂ ਦਾ ਧੰਮ ਮੇਰੀ ਨਜ਼ਰ ਵਿੱਚ ਕਿਤਾਬ ਵੀ ਰਲੀਜ਼ ਕੀਤੀ ਗਈ, ਜਿਸ ਦੀ ਭੂਮਿਕਾ ਸੁਲੇਖ ਸਾਹਿਬ ਜੀ ਵੱਲੋਂ ਲਿਖੀ ਗਈ ਸੀ। ਇਸ ਸਮਾਗਮ ਵਿੱਚ ਪ੍ਰਬੁੱਧ ਭਾਰਤ ਫਾਊਂਡੇਸ਼ਨ ਟੀਮ ਵੱਲੋਂ ਉਨ੍ਹਾ ਦੇ ਚੱਲ ਰਹੇ ਮਹਾਨ ਪ੍ਰੋਜੈਕਟ ਲਈ ਮਿਸ਼ਨਰੀ ਸਾਥੀ ਮਾਣਯੋਗ ਰਾਜ ਕੁਮਾਰ ਓਸ਼ੋਰਾਜ (ਕਨੇਡਾ) ਜੀ ਦੁਆਰਾ ਇੱਕ ਲੱਖ ਰੁਪਏ ਦਾ ਦਾਨ ਭੇਜਿਆ ਗਿਆ, ਜਿਸ ਦਾ ਟੀਮ ਵੱਲੋਂ ਬਹੁਤ ਬਹੁਤ ਸਾਧੂਵਾਦ ਵੀ ਕੀਤਾ ਗਿਆ।

# ਫੂਡ ਕਮਿਸ਼ਨ ਦੇ ਮੈਂਬਰ ਚੇਤਨ ਪ੍ਰਕਾਸ਼ ਧਾਲੀਵਾਲ ਵੱਲੋਂ ਜ਼ਿਲ੍ਹਾ ਹੁਸ਼ਿਆਰਪੁਰ ਦਾ ਅਚਨਚੇਤ ਦੌਰਾ

## ਨੈਸ਼ਨਲ ਫੂਡ ਸਕਿਊਰਿਟੀ ਐਕਟ ਅਧੀਨ ਚੱਲ ਰਹੀਆਂ ਵੱਖ-ਵੱਖ ਸਕੀਮਾਂ ਦਾ ਕੀਤਾ ਨਿਰੀਖਣ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸਟੇਟ ਫੂਡ ਕਮਿਸ਼ਨ ਦੇ ਮੈਂਬਰ ਚੇਤਨ ਪ੍ਰਕਾਸ਼ ਧਾਲੀਵਾਲ ਵੱਲੋਂ ਅੱਜ ਜ਼ਿਲ੍ਹਾ ਹੁਸ਼ਿਆਰਪੁਰ ਦਾ ਅਚਨਚੇਤ ਦੌਰਾ ਕੀਤਾ ਗਿਆ। ਇਸ ਦੌਰੇ ਦੌਰਾਨ ਉਨ੍ਹਾਂ ਵੱਲੋਂ ਨੈਸ਼ਨਲ ਫੂਡ ਸਕਿਊਰਿਟੀ ਐਕਟ 2013 ਅਧੀਨ ਚੱਲ ਰਹੀਆਂ ਵੱਖ-ਵੱਖ ਸਕੀਮਾਂ ਦਾ ਨਿਰੀਖਣ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਸ ਦੌਰੇ ਦੇ ਆਰੰਭ ਵਿੱਚ ਸਰਕਾਰੀ ਐਲੀਮੈਂਟਰੀ ਸਕੂਲ, ਅਹਿਰਾਣਾ ਖੁਰਦ ਦਾ ਨਿਰੀਖਣ ਕੀਤਾ ਗਿਆ ਨਿਰੀਖਣ ਦੌਰਾਨ ਸਕੂਲ ਵਿਖੇ ਚਲ ਰਹੀ ਮਿਡ-ਡੇ-ਮੀਲ ਸਕੀਮ ਦੀ ਚੈਕਿੰਗ ਕੀਤੀ ਗਈ। ਚੈਕਿੰਗ ਦੌਰਾਨ ਪਾਇਆ ਗਿਆ ਕਿ ਸਕੂਲ ਵਿਖੇ ਸਾਫ-ਸਫਾਈ ਦਾ ਪ੍ਰਬੰਧ ਬਹੁਤ ਮਾੜਾ ਸੀ। ਬੱਚਿਆ ਨੂੰ ਦਿੱਤੇ ਜਾਣ ਵਾਲੇ ਪੀਣ ਵਾਲੇ ਪਾਣੀ ਦਾ ਟੀ.ਡੀ.ਐਸ ਵੀ ਚੈੱਕ ਕੀਤਾ ਗਿਆ। ਇਸ ਉਪਰੰਤ ਸਰਕਾਰੀ ਐਲੀਮੈਂਟਰੀ ਸਕੂਲ, ਪੁਰਹੀਰਾਂ-2 ਵਿਖੇ ਨਿਰੀਖਣ ਕੀਤਾ ਗਿਆ। ਇਸ ਸਕੂਲ ਵਿਖੇ ਵੀ ਖਾਮੀਆਂ ਪਾਇਆ ਗਈਆਂ। ਸਕੂਲ ਵਿੱਚ ਫਿਲਟਰ ਮੌਜੂਦ ਸੀ, ਪਰੰਤੂ ਉਹ ਖ਼ਰਾਬ ਸੀ। ਸਰਕਾਰੀ ਐਲੀਮੈਂਟਰੀ ਸਕੂਲ, ਪੁਰਹੀਰਾਂ-2 ਵਿਖੇ ਵੀ ਮਿਡ-ਡੇ-ਮੀਲ ਸਕੀਮ ਦਾ ਨਿਰੀਖਣ ਕੀਤਾ ਗਿਆ। ਨਿਰੀਖਣ ਦੌਰਾਨ ਕਣਕ ਅਤੇ ਚਾਵਲ ਵਿੱਚ ਸੁਸਰੀ ਪਾਈ ਗਈ ਅਤੇ ਬੱਚਿਆ ਨੂੰ ਦਿੱਤੇ ਜਾਣ ਵਾਲੇ ਚਾਵਲ ਕੱਚੇ ਬਣੇ ਹੋਏ ਸਨ। ਚਾਵਲ ਨੂੰ ਚੰਗੇ ਤਰੀਕੇ ਨਾਲ ਪਕਾਇਆ ਨਹੀ ਗਿਆ ਸੀ। ਬਰਤਨ ਵੀ ਚੰਗੇ ਤਰੀਕੇ ਨਾਲ ਸਾਫ਼ ਨਹੀ ਕੀਤੇ ਗਏ ਸਨ। ਬੱਚਿਆਂ ਨੂ ਦਿੱਤੇ ਜਾਣ ਵਾਲੇ ਪਾਣੀ ਦਾ ਟੀ.ਡੀ.ਐਸ ਵੀ 527 ਪਾਇਆ ਗਿਆ। ਉਪਰੋਕਤ ਸਕੂਲਾਂ ਵਿੱਚ



ਚੈਕਿੰਗ ਦੌਰਾਨ ਪਾਈਆਂ ਗਈਆਂ ਖਾਮੀਆਂ ਸਬੰਧੀ ਮੌਕੇ 'ਤੇ ਮੌਜੂਦ ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਇਨ੍ਹਾਂ ਖਾਮੀਆ ਨੂੰ ਦੂਰ ਕਰਨ ਅਤੇ ਸਬੰਧਤ ਅਧਿਕਾਰੀਆਂ ਖ਼ਿਲਾਫ਼ ਬਣਦੀ ਕਾਰਵਾਈ ਕਰਨ ਉਪਰੰਤ ਰਿਪੋਰਟ ਕਮਿਸ਼ਨ ਨੂੰ ਭੇਜਣ ਸਬੰਧੀ ਹਦਾਇਤ ਕੀਤੀ ਗਈ। ਸਕੂਲਾਂ ਦਾ ਨਿਰੀਖਣ ਕਰਨ ਉਪਰੰਤ ਆਂਗਨਵਾੜੀ ਸੈਂਟਰਾਂ ਦਾ ਦੌਰਾ ਕੀਤਾ ਗਿਆ। ਆਂਗਨਵਾੜੀ ਸੈਟਰ ਕੋਡ ਨੰ.2 ਅਤੇ 3 ਅਹਿਰਾਣਾ ਖੁਰਦ ਸੈਟਰਾਂ ਵਿਖੇ ਲਾਭਪਾਤਰੀਆਂ ਸਬੰਧੀ ਅਤੇ ਉਨ੍ਹਾਂ ਨੂੰ ਦਿੱਤੇ ਜਾਣ ਵਾਲੇ ਲਾਭ ਦੀ ਜਾਣਕਾਰੀ ਪ੍ਰਾਪਤ ਕੀਤੀ ਗਈ। ਸੈਂਟਰਾ ਦੇ ਕੰਮ ਸਬੰਧੀ ਮੈਂਬਰ ਵੱਲੋਂ ਸੁਤੰਸ਼ਟੀ ਪ੍ਰਗਟ ਕੀਤੀ ਗਈ ਅਤੇ ਨਾਲ ਹੀ ਹੋਰ ਸੁਧਾਰਾਂ ਸਬੰਧੀ ਦਿਸ਼ਾ-ਨਿਰਦੇਸ ਵੀ ਦਿੱਤੇ ਗਏ। ਆਂਗਨਵਾੜੀ ਸੈਟਰ ਕੋਡ ਨੰ. 23 ਅਹਿਰਾਣਾ ਖੁਰਦ ਵਿਖੇ ਚੈਕਿੰਗ ਦੌਰਾਨ ਪਾਇਆ ਗਿਆ ਕਿ ਵਰਕਰ 10.30 ਵਜੇ ਸੈਂਟਰ ਵਿਖੇ ਪਹੁੰਚੇ, ਜੋ ਕਿ ਸਰਕਾਰੀ ਹਦਾਇਤਾਂ ਦੀ ਉਲੰਘਣਾ ਹੈ। ਇਸ ਸਬੰਧੀ ਮੌਕੇ 'ਤੇ ਮੌਜੂਦ ਜ਼ਿਲ੍ਹਾ ਪ੍ਰੋਗਰਾਮ ਅਫਸਰ ਨੂੰ ਸਬੰਧਤ ਅਧਿਕਾਰੀਆ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਨ ਉਪਰੰਤ ਬਣਦੀ ਕਾਰਵਾਈ ਕਰਨ ਦੀ ਹਦਾਇਤ ਕੀਤੀ ਗਈ। ਆਂਗਨਵਾੜੀ ਸੈਟਰ ਕੋਡ ਨੰ. 202 ਪੁਰਹੀਰਾਂ ਵਿਖੇ ਚੈਕਿੰਗ ਦੌਰਾਨ ਬਹੁਤ ਜ਼ਿਆਦਾ ਮਾਤਰਾ ਵਿੱਚ ਰਾਸ਼ਨ ਪਾਇਆ ਗਿਆ, ਜਿਸਦੀ ਮਿਆਦ ਮਿਤੀ ਖ਼ਤਮ ਹੋ ਚੁੱਕੀ ਸੀ। ਇਸ ਸਬੰਧੀ ਮੌਕੇ 'ਤੇ ਮੌਜੂਦ ਅਧਿਕਾਰੀ ਕੋਈ ਸਪੱਸ਼ਟ ਜਵਾਬ ਨਹੀ ਦੇ ਸਕੇ। ਜਿਸ 'ਤੇ ਤੁਰੰਤ ਕਾਰਵਾਈ ਕਰਦੇ ਹੋਏ ਮੈਂਬਰ ਵੱਲੋਂ ਜ਼ਿਲ੍ਹਾ ਪ੍ਰੋਗਰਾਮ ਅਫਸਰ ਨੂੰ ਬਣਦੀ ਕਾਰਵਾਈ ਕਰਨ ਦੀ ਹਦਾਇਤ ਕੀਤੀ ਗਈ। ਇਸ ਉਪਰੰਤ ਰਾਸ਼ਨ ਡੀਪੂ ਕਾਇਮ-ਪੁਰ ਅਤੇ ਬਲਾਕ 2 ਛਾਉਣੀ ਕਲਾਂ (ਕੈਪ) ਵਿਖੇ ਹੋ ਰਹੀ ਕਣਕ ਦੀ ਵੰਡ ਦਾ ਨਿਰੀਖਣ ਕੀਤਾ ਗਿਆ। ਨਿਰੀਖਣ ਦੌਰਾਨ ਪਾਇਆ ਗਿਆ ਕੀ ਕਣਕ ਦੀ ਵੰਡ ਵਧਿਆ ਤਰੀਕੇ ਨਾਲ ਕੀਤੀ ਜਾ ਰਹੀ ਸੀ। ਮੌਕੇ 'ਤੇ ਮੌਜੂਦ ਲਾਭਪਾਤਰੀਆ ਨਾਲ ਗੱਲਬਾਤ ਵੀ ਕੀਤੀ ਗਈ। ਲਾਭਪਾਤਰੀਆ ਵੱਲੋਂ ਸਤੁੰਸ਼ਟੀ ਪ੍ਰਗਟ ਕੀਤੀ ਗਈ। ਮੈਂਬਰ ਸਾ-ਹਬਾਨ ਵੱਲੋਂ ਜ਼ਿਲ੍ਹਾ ਫੂਡ ਸਪਲਾਈ ਕੰਟਰੋਲਰ ਨੂੰ ਡਿਪੂਆ 'ਤੇ ਜਾਗਰੂਕਤਾ ਬੈਨਰ ਲਗਵਾਉਣ ਸਬੰਧੀ ਹਦਾਇਤ ਕੀਤੀ ਗਈ। ਇਸ ਦੌਰੇ ਦੌਰਾਨ ਲਾਭਪਾਤਰੀਆ ਨੂੰ ਮੈਂਬਰ ਵੱਲੋਂ ਕਮਿਸ਼ਨ ਦੇ ਹੈਲਪਲਾਈਨ ਨੰਬਰ 9876764545 ਦੀ ਜਾਣਕਾਰੀ ਵੀ ਦਿੱਤੀ ਗਈ ਅਤੇ ਨਾਲ ਹੀ ਦੱਸਿਆ ਕਿ ਉਹ ਨੈਸ਼ਨਲ ਫੂਡ ਸਕਿਓਰਿਟੀ ਐਕਟ 2013 ਅਧੀਨ ਚੱਲ ਰਹੀਆਂ ਸਕੀਮਾਂ ਸਬੰਧੀ ਸ਼ਿਕਾਇਤ ਜਿਲ੍ਹੇ ਦੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਕੋਲ ਵੀ ਦਰਜ ਕਰਵਾ ਸਕਦੇ ਹਨ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ 6 ਦਸੰਬਰ ਤੋਂ 6 ਜਨਵਰੀ ਤੱਕ ਚਲਾਈ ਜਾਵੇਗੀ ਨਸ਼ਾ ਮੁਕਤੀ ਜਾਗਰੂਕਤਾ ਮੁਹਿੰਮ – ਨੀਰਜ ਗੋਇਲ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਦੇ ਸਕੱਤਰ-ਕਮ-ਸੀ.ਜੇ.ਐਮ ਨੀਰਜ ਗੋਇਲ ਨੇ ਅੱਜ ਦੱਸਿਆ ਕਿ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ ਨਗਰ (ਮੁਹਾਲੀ) ਦੇ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਰਜਿੰਦਰ ਅਗਰਵਾਲ ਦੇ ਮਾਰਗਦਰਸ਼ਨ ਵਿਚ ਜ਼ਿਲ੍ਹੇ ਭਰ ਵਿਚ 6 ਦਸੰਬਰ 2025 ਤੋਂ 6 ਜਨਵਰੀ 2026 ਤੱਕ ਵਿਸ਼ੇਸ਼ ਨਸ਼ਾ ਮੁਕਤੀ ਜਾਗਰੂਕਤਾ ਮੁਹਿੰਮ ਚਲਾਈ ਜਾਵੇਗੀ। ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅੱਜ ਆਪਣੇ ਦਫ਼ਤਰ ਵਿੱਚ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਅਧਿਕਾਰੀਆਂ, ਕਾਲਜ ਪ੍ਰਿੰਸੀਪਲਾਂ, ਪੈਰਾ ਲੀਗਲ ਵਲੰਟੀਅਰਾਂ ਅਤੇ ਸਮਾਜਿਕ ਸੰਗਠਨਾਂ ਦੇ ਨੁਮਾਇੰਦਿਆਂ ਦੀ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਨਸ਼ਾ ਸਮਾਜ ਲਈ ਇੱਕ ਗੰਭੀਰ ਖ਼ਤਰਾ ਬਣ ਗਿਆ ਹੈ ਅਤੇ ਇਸਨੂੰ ਜੜ੍ਹ ਤੋਂ ਖਤਮ ਕਰਨ




ਲਈ ਸਮੂਹਿਕ ਯਤਨਾਂ ਦੀ ਲੋੜ ਹੈ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਦੌਰਾਨ ਪੈਰਾ ਲੀਗਲ ਵਲੰਟੀਅਰਾਂ, ਪੈਨਲ ਐਡਵੋਕੇਟਾਂ, ਲੀਗਲ ਏਡ ਡਿਫੈਂਸ ਕੌਂਸਲ, ਡਾਕਟਰਾਂ, ਅਧਿਆਪਕਾਂ, ਐਨ.ਜੀ.ਓਜ਼, ਐਨ.ਐਸ.ਐਸ ਅਤੇ ਐਨ.ਸੀ.ਸੀ ਕੈਡਿਟਾਂ ਅਤੇ ਗ੍ਰਾਮ ਪੰਚਾਇਤਾਂ ਦੇ ਸਰਪੰਚਾਂ ਦੀ ਸਰਗਰਮ ਭਾਗੀਦਾਰੀ ਨੂੰ ਯਕੀਨੀ ਬਣਾਇਆ ਜਾਵੇਗਾ। ਨੀਰਜ ਗੋਇਲ ਨੇ ਕਿਹਾ ਕਿ ਇਸ ਮੁਹਿੰਮ ਤਹਿਤ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਵਿਆਪਕ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤੇ ਜਾਣਗੇ, ਜਿਸ ਵਿੱਚ ਸੈਮੀਨਾਰ, ਕੁਇਜ਼ ਮੁਕਾਬਲੇ, ਵਾਕਾਥਨ, ਜਾਗਰੂਕਤਾ ਰੈਲੀਆਂ, ਨੁੱਕੜ ਨਾਟਕ, ਪੋਸਟਰ ਮੇਕਿੰਗ ਅਤੇ ਪੇਂਟਿੰਗ ਮੁਕਾਬਲੇ, ਲੇਖ ਲਿਖਣ ਅਤੇ ਸਲੋਗਨ ਲਿਖਣ ਮੁਕਾਬਲੇ ਸ਼ਾਮਲ ਹਨ।

# ਸ਼੍ਰੀ ਗੁਰੂ ਰਵਿਦਾਸ ਗੁਰਪੁਰਬ ਦੇ ਮੱਦੇ ਨਜ਼ਰ ਚੱਲਦੇ ਵਿਕਾਸ ਕਾਰਜ ਢੁੱਕਵੇਂ ਸਮੇਂ ਦੇ ਅੰਦਰ ਪੂਰੇ ਕਰਨ ਦੀ ਮੰਗ

**ਰਾਹੋਂ (ਸਤਨਾਮ ਸਿੰਘ ਸਹੂੰਗੜਾ)** ਜੋਤ ਸੋਸ਼ਲ ਅਵੇਅਰਨੈੱਸ ਐਂਡ ਵੈੱਲਫੇਅਰ ਸੁਸਾਇਟੀ ਦੇ ਚੀਫ ਵਲੰਟੀਅਰ ਹਰਸ਼ਦੀਪ ਉਆਣ ਨੇ ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਅਤੇ ਕਾਰਜ ਸਾਧਕ ਅਫਸਰ ਨਗਰ ਕੌਂਸਲ ਰਾਹੋਂ ਨੂੰ ਲਿਖਤੀ ਰੂਪ ਵਿੱਚ ਜਾਣਕਾਰੀ ਦਿੰਦਿਆਂ ਦੱਸਿਆ ਕਿ ਯੁੱਗ ਪਲਟਾਊ ਰਹਿਬਰ, ਸਾਹਿਬ-ਏ-ਕਮਾਲ ਸ਼੍ਰੋਮਣੀ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਗੁਰਪੁਰਬ ਮਿਤੀ 01 ਫ਼ਰਵਰੀ 2026 ਨੂੰ ਗੁਰਦੁਆਰਾ ਸ਼੍ਰੀ ਗੁਰੂ ਰਵਿਦਾਸ ਸੱਚਖੰਡ ਸਾਹਿਬ ਮੁਹੱਲਾ ਸਰਾਫਾਂ ਰਾਹੋਂ ਵਿਖੇ ਸਮੂਹ ਸੰਗਤਾਂ ਵੱਲੋਂ ਸ਼ਰਧਾਪੂਰਵਕ ਮਨਾਇਆ ਜਾ ਰਿਹਾ ਹੈ। ਗੁਰਪੁਰਬ ਨੂੰ ਸਮਰਪਿਤ ਪ੍ਰਭਾਤ ਫੇਰੀਆਂ



ਕਰੀਬ ਡੇਢ ਹਫਤਾ ਪਹਿਲਾਂ ਆਰੰਭ ਹੋਣਗੀਆ ਅਤੇ ਵਿਸ਼ਾਲ ਨਗਰ ਕੀਰਤਨ 31 ਜਨਵਰੀ 2026 ਨੂੰ ਹੋਵੇਗਾ। ਅਗਲੇ ਦਿਨ 01 ਫ਼ਰਵਰੀ 2026 ਨੂੰ ਅਖੰਡ ਪਾਠ ਦੇ ਭੋਗ ਪਾਏ ਜਾਣਗੇ ਅਤੇ ਸ਼ਬਦ ਕੀਰਤਨ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਹਰਸ਼ਦੀਪ ਨੇ ਦੱਸਿਆ ਕਿ ਇਸ ਸਮੇਂ ਰਾਹੋਂ ਸ਼ਹਿਰ ਵਿੱਚ ਵਿਕਾਸ ਕਾਰਜਾਂ ਦੇ ਚੱਲਦਿਆਂ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਵਲੋਂ ਸੜਕਾਂ ਦੀ ਪੁਟਾਈ ਕੀਤੀ ਜਾ ਰਹੀ ਹੈ ਅਤੇ ਪਾਈਪ ਲਾਈਨਾਂ ਪਾਈਆਂ ਜਾ ਰਹੀਆਂ ਹਨ। ਉਨ੍ਹਾਂ ਚਿੰਤਾ ਪ੍ਰਗਟਾਈ ਕਿ ਜੇਕਰ ਇਹ ਵਿਕਾਸ ਕਾਰਜ ਸਮੇਂ ਸਿਰ ਪੂਰੇ ਨਹੀਂ ਹੁੰਦੇ ਤਾਂ ਸੜਕਾਂ ਵਿੱਚ ਪੁਟਾਈ ਤੋਂ ਇਲਾਵਾ ਮਟੀਰੀਅਲ ਅਤੇ ਮਲਬੇ ਕਚਰੇ ਦੇ ਢੇਰ ਲੱਗੇ ਰਹਿਣਗੇ। ਜਿਸ ਕਾਰਨ ਜਿੱਥੇ ਸ਼ਹਿਰ ਵਾਸੀਆਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ ਉੱਥੇ ਗੁਰਪੁਰਬ ਦੇ ਕਾਰਜ ਵੀ ਪ੍ਰਭਾਵਿਤ ਹੋਣਗੇ ਅਤੇ ਸੰਗਤਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੇਗੀ। ਉਨ੍ਹਾਂ ਪੁਰਜ਼ੋਰ ਮੰਗ ਕੀਤੀ ਕਿ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਪੁਰਬ ਦੇ ਮੱਦੇ ਨਜ਼ਰ ਰਾਹੋਂ ਸ਼ਹਿਰ ਵਿੱਚ ਚੱਲਦੇ ਸਮੁੱਚੇ ਵਿਕਾਸ ਕਾਰਜਾਂ ਨੂੰ ਜਿੰਨਾ ਜਲਦੀ ਹੋ ਸਕੇ ਢੁੱਕਵੇਂ ਸਮੇਂ ਦੇ ਅੰਦਰ ਅੰਦਰ ਮੁਕੰਮਲ ਕਰਵਾਇਆ ਜਾਵੇ।

# ਆਪ ਨੇ ਪੋਜੇਵਾ ਜ਼ੋਨ ਤੋਂ ਕਰਨਵੀਰ ਕਟਾਰੀਆ ਨੂੰ ਜ਼ਿਲ੍ਹਾ ਪ੍ਰੀਸ਼ਦ ਉਮੀਦਵਾਰ ਐਲਾਨਿਆ

## ਕਰਨਵੀਰ ਕਟਾਰੀਆ ਪੋਜੇਵਾਲ ਜੋਨ ਤੋਂ ਜਿਲ੍ਹਾ ਪ੍ਰੀਸ਼ਦ ਦਾ ਚੁਣਾਬ ਲੜਨਗੇ : ਸੰਤੋਸ਼ ਕਟਾਰੀਆ



**ਬਲਾਚੌਰ ( ਜਤਿੰਦਰ ਪਾਲ ਸਿੰਘ ਕਲੇਰ )** ਆਮ ਆਦਮੀ ਪਾਰਟੀ ਨੇ ਆਉਣ ਵਾਲੀਆਂ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਲਈ ਆਪਣੀ ਤਿਆਰੀ ਨੂੰ ਅੰਤਿਮ ਰੂਪ ਦਿੰਦੇ ਹੋਏ, ਪੋਜੇਵਾਲ ਜ਼ੋਨ ਤੋਂ ਜ਼ਿਲ੍ਹਾ ਪ੍ਰੀਸ਼ਦ ਲਈ ਕਰਨਵੀਰ ਕਟਾਰੀਆ ਨੂੰ ਆਪਣਾ ਉਮੀਦਵਾਰ ਐਲਾਨ ਦਿੱਤਾ ਹੈ। 32 ਬਲਾਕ ਸੰਮਤੀ ਅਤੇ 3 ਜ਼ਿਲ੍ਹਾ ਪ੍ਰੀਸ਼ਦ ਲਈ ਕਾਗਜ਼ ਬੀਬੀ ਸੰਤੋਸ਼ ਕਟਾਰੀਆ ਵਿਧਾਇਕ,ਜਿਲਾ ਪ੍ਰਧਾਨ ਤੇ ਚੇਅਰਮੈਨ ਜਿਲ੍ਹਾ ਯੋਜਨਾ ਬੋਰਡ ਸਤਨਾਮ ਜਲਾਲਪੁਰ, ਸੀਨੀਅਰ ਆਗੂ ਅਸ਼ੋਕ ਕਟਾਰੀਆ,ਚੰਦਰ ਮੋਹਨ ਜੇਡੀ ਜਿਲਾ ਮੀਡੀਆ ਇੰਚਾਰਜ,ਮਾਰਕੀਟ ਕਮੇਟੀ ਚੇਅਰਮੈਨ ਸੇਠੀ ਉਧਨਵਾਲ, ਸ਼ਾਮ ਲਾਲ (ਸ਼ਾਮਾ) ਪ੍ਰਧਾਨ ਟਰੱਕ ਯੂਨੀਅਨ, ਰਸ਼ਪਾਲ ਸਿੰਘ ਮੰਡੇਰ ਪ੍ਰਧਾਨ ਹਲਕਾ ਕਿਸਾਨ ਵਿੰਗ, ਕਮਲਜੀਤ ਸਰਪੰਚ, ਰਣਵੀਰ ਸਿੰਘ ਬਲਾਕ ਪ੍ਰਧਾਨ ਦੀ ਹਾਜ਼ਰੀ ਵਿੱਚ ਭਰੇ। ਪਾਰਟੀ ਸੂਤਰਾਂ ਅਨੁਸਾਰ, ਇਸ ਖੇਤਰ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੇ ਵੱਡੀ ਗਿਣਤੀ ਵਿੱਚ ਆਪਣੇ ਨਾਮਜ਼ਦਗੀ ਕਾਗਜ਼ ਭਰ ਦਿੱਤੇ ਹਨ।ਬਲਾਕ ਸੰਮਤੀ ਤੋਂ 32 ਵੱਖ-ਵੱਖ ਬਲਾਕ ਸੰਮਤੀ ਜ਼ੋਨਾਂ ਤੋਂ 'ਆਪ' ਉਮੀਦਵਾਰਾਂ ਨੇ ਕਾਗਜ਼ ਭਰੇ ਹਨ ਅਤੇ ਜ਼ਿਲ੍ਹਾ ਪ੍ਰੀਸ਼ਦ ਦੇ ਕੁੱਲ 3 ਜ਼ੋਨਾਂ ਤੋਂ ਪਾਰਟੀ ਦੇ ਉਮੀਦਵਾਰਾਂ ਨੇ ਨਾਮਜ਼ਦਗੀ ਪੱਤਰ ਦਾਖਲ ਕੀਤੇ ਹਨ। ਇਨ੍ਹਾਂ ਵਿੱਚੋਂ ਇੱਕ ਅਹਿਮ ਨਾਂ ਪੋਜੇਵਾਲ ਜ਼ੋਨ ਤੋਂ ਕਰਨਵੀਰ ਕਟਾਰੀਆ ਦਾ ਹੈ, ਜਿਨ੍ਹਾਂ ਨੂੰ ਜ਼ਿਲ੍ਹਾ ਪ੍ਰੀਸ਼ਦ ਦੀ ਸੀਟ ਲਈ ਮਜ਼ਬੂਤ ਦਾਅਵੇਦਾਰ ਮੰਨਿਆ ਜਾ ਰਿਹਾ ਹੈ।ਪਾਰਟੀ ਨੇ ਦਾਅਵਾ ਕੀਤਾ ਹੈ ਕਿ ਜ਼ਮੀਨੀ ਪੱਧਰ 'ਤੇ ਲੋਕਾਂ ਵਿੱਚ ਉਨ੍ਹਾਂ ਦੇ ਉਮੀਦਵਾਰਾਂ ਪ੍ਰਤੀ ਭਾਰੀ ਉਤਸ਼ਾਹ ਹੈ, ਅਤੇ ਉਹ ਇਨ੍ਹਾਂ ਚੋਣਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨਗੇ।



# ਔਰਤਾਂ ਨਾਲ ਧੋਖਾ ਪੰਜਾਬ ਦੀ ਮਾਨ ਸਰਕਾਰ ਨੂੰ ਮਹਿੰਗਾ ਪਵੇਗਾ: ਨੀਤੀ ਤਲਵਾੜ

## ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਲਈ ਚੋਣ ਪ੍ਰਚਾਰ ਕੀਤਾ

**ਹੁਸ਼ਿਆਰਪੁਰ (ਤਰਸੇਮ ਦੀਵਾਨਾ)** - ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਔਰਤਾਂ ਨੂੰ 1000 ਰੁਪਏ ਦੇਣ ਦੇ ਵਾਅਦੇ ਨੂੰ ਪੂਰਾ ਨਾ ਕਰਕੇ, ਭਗਵੰਤ ਮਾਨ ਸਰਕਾਰ ਨੇ ਮਾਵਾਂ ਅਤੇ ਭੈਣਾਂ ਦਾ ਅਪਮਾਨ ਕੀਤਾ ਹੈ। ਇਸ ਅਪਮਾਨ ਕਾਰਨ, ਹੁਣ ਔਰਤਾਂ ਹੀ ਇਸ ਸਰਕਾਰ ਨੂੰ ਚੱਲਦਾ ਕਰਨਗੀਆਂ ! ਸ਼੍ਰੋਮਣੀ ਅਕਾਲੀ ਦਲ ਦੀ ਮਹਿਲਾ ਆਗੂ ਨੀਤੀ ਤਲਵਾੜ ਨੇ ਇਹ ਸ਼ਬਦ ਹੁਸ਼ਿਆਰਪੁਰ ਵਿਧਾਨ ਸਭਾ ਹਲਕੇ ਵਿੱਚ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀਆ ਸੀਟਾਂ ਤੇ ਚੋਣਾ ਲੜ ਰਹੇ ਉਮੀਦਵਾਰਾਂ ਲਈ ਚੋਣ ਪ੍ਰਚਾਰ ਕਰਦੇ ਹੋਏ ਕਹੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ 2022 ਤੋਂ ਲੈ ਕੇ ਹੁਣ ਤੱਕ ਸਾਰੀਆਂ ਚੋਣਾਂ ਪੁਲਿਸ ਦੀ ਮਦਦ ਨਾਲ ਲੜ ਰਹੀ ਹੈ। ਹਾਲਾਂਕਿ, ਹੁਣ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਨੇ ਦਿਖਾ ਦਿੱਤਾ ਹੈ ਕਿ ਸਰਕਾਰ ਦੇ ਅੱਤਿਆਚਾਰਾਂ ਦਾ ਸਾਹਮਣਾ ਸਿਰਫ਼ ਸ਼੍ਰੋਮਣੀ ਅਕਾਲੀ ਦਲ ਹੀ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਹੋਰ ਵਿਰੋਧੀ ਪਾਰਟੀਆਂ ਸਰਕਾਰ ਅੱਗੇ ਆਤਮ ਸਮਰਪਣ ਕਰ ਚੁੱਕੀਆਂ ਹਨ, ਜਦੋਂ ਕਿ ਦੂਜੇ ਪਾਸੇ, ਸ਼੍ਰੋਮਣੀ ਅਕਾਲੀ ਦਲ ਸਰਕਾਰ ਦੇ ਹਰ ਅੱਤਿਆਚਾਰ ਦਾ ਜਵਾਬ ਦੇ ਰਿਹਾ ਹੈ। ਨੀਤੀ ਤਲਵਾੜ ਨੇ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਪੰਜਾਬ ਨੂੰ "ਰੰਗਲਾ ਪੰਜਾਬ" ਬਣਾਇਆ ਸੀ, ਉਨ੍ਹਾਂ ਨੇ ਅੱਜ ਪੰਜਾਬ ਦੀਆਂ ਗਲੀਆਂ ਨੂੰ ਖੂਨ ਨਾਲ ਰੰਗ ਦਿੱਤਾ ਹੈ। ਉਨ੍ਹਾਂ ਕਿਹਾ ਕਿ ਗੈਂਗਸਟਰ ਹਰ ਰੋਜ਼ ਕਿਤੇ ਨਾ ਕਿਤੇ ਬੇਖੌਫ ਹੋ ਕੇ ਗੋਲੀਆਂ ਚਲਾ ਰਹੇ ਹਨ। ਨੀਤੀ ਤਲਵਾੜ ਨੇ ਔਰਤਾਂ ਨੂੰ ਅਪੀਲ ਕੀਤੀ ਕਿ ਅੱਜ ਸਾਨੂੰ ਆਪਣੇ ਪਿਤਾ, ਪੁੱਤਰ, ਭਰਾਵਾਂ ਅਤੇ ਪਤੀਆਂ ਦੀ ਸੁਰੱਖਿਆ ਲਈ ਪੰਜਾਬ ਵਿੱਚ ਸੁਖਬੀਰ ਸਿੰਘ ਬਾਦਲ ਵਰਗੇ ਮੁੱਖ ਮੰਤਰੀ ਦੀ ਲੋੜ ਹੈ। ਇਸ ਲਈ, ਸ਼੍ਰੋਮਣੀ ਅਕਾਲੀ ਦਲ ਦਾ ਸਮਰਥਨ ਕਰਕੇ, ਸਾਨੂੰ ਆਪਣੇ ਪਰਿਵਾਰਾਂ ਪ੍ਰਤੀ ਆਪਣਾ ਫਰਜ਼ ਨਿਭਾਉਣਾ ਚਾਹੀਦਾ ਹੈ। ਇਸ ਮੌਕੇ ਬਲਾਕ ਸੰਮਤੀ ਉਮੀਦਵਾਰ ਪਰਮਜੀਤ ਕੌਰ, ਮਨਜੀਤ ਕੌਰ, ਰੋਜ਼ੀ ਬੈਕਬਾਲ ਸਿੰਘ, ਜਰਨੈਲ ਸਿੰਘ, ਕੁਲਵੰਤ ਸਿੰਘ, ਭਜਨ ਸਿੰਘ, ਪ੍ਰਿਆ ਸੈਣੀ, ਕ੍ਰਿਸ਼ਨਾ ਥਾਪਰ, ਕੁਲਦੀਪ ਕੌਰ ਮੁਸਕਾਨ ਆਦਿ ਮੌਜੂਦ ਸਨ।



**ਫੋਟੋ ਅਜਮੇਰ ਦੀਵਾਨਾ**

# ਢਾਹਾਂ ਕਲੇਰਾਂ ਵਿਖੇ ਬਾਬਾ ਬੁੱਧ ਸਿੰਘ ਢਾਹਾਂ ਜੀ ਦੇ 100ਵੇਂ ਜਨਮ ਦਿਨ ਨੂੰ ਸਮਰਪਿਤ ਮੁਫਤ ਮੈਗਾ ਮੈਡੀਕਲ ਚੈੱਕਅਪ ਕੈਂਪ ਵਿਚ 825 ਮਰੀਜ਼ਾਂ ਦਾ ਚੈੱਕਅਪ

## ਬਾਬਾ ਜੀ ਦੇ ਸੁਪਨੇ ਅਤੇ ਰਹਿੰਦੇ ਕਾਰਜ ਪੂਰੇ ਕੀਤੇ ਜਾਣਗੇ : ਡਾ. ਕੁਲਵਿੰਦਰ ਸਿੰਘ ਢਾਹਾਂ

**ਨਵਾਂਸ਼ਹਿਰ/ਬੰਗਾ (ਜਤਿੰਦਰ ਪਾਲ ਸਿੰਘ ਕਲੇਰ )** ਸਮਾਜ ਸੇਵਾ ਨੂੰ ਸਮਰਪਿਤ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਬਾਨੀ ਪ੍ਰਧਾਨ ਸੇਵਾ ਦੇ ਪੁੰਜ, ਕੱਲਰੀ ਧਰਤੀ ਦੇ ਗੁਲਾਬ, ਮਹਾਨ ਸਮਾਜ ਸੇਵਕ ਸਵ: ਬਾਬਾ ਬੁੱਧ ਸਿੰਘ ਬਾਬਾ ਬੁੱਧ ਸਿੰਘ ਢਾਹਾਂ ਜੀ ਦੇ 100ਵੇਂ ਜਨਮ ਦਿਨ ਮੌਕੇ ਅੱਜ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਮੁਫਤ ਮੈਗਾ ਮੈਡੀਕਲ ਚੈੱਕਅਪ ਕੈਂਪ ਲਗਾਇਆ ਗਿਆ, ਜਿਸ ਦਾ 825 ਮਰੀਜ਼ਾਂ ਨੇ ਲਾਭ ਪ੍ਰਾਪਤ ਕੀਤਾ । ਇਸ ਮੌਕੇ ਸਵੇਰੇ ਗੁਰਦਆਰਾ ਸਾਹਿਬ ਵਿਖੇ ਬਾਬਾ ਜੀ ਦੇ 100ਵੇਂ ਜਨਮ ਦੀ ਖੁਸ਼ੀ ਵਿਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਸੰਗਤੀ ਰੂਪ ਵਿਚ ਕੀਤੇ ਗਏ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ । ਉਪਰੰਤ ਮੈਗਾ ਫਰੀ ਮੈਡੀਕਲ ਚੈੱਕਅਪ ਕੈਂਪ ਦਾ ਉਦਘਾਟਨ ਬਾਬਾ ਜੀ ਦੇ ਸਾਥੀ ਸੀਨੀਅਰ ਟਰੱਸਟ ਮੈਂਬਰ ਸ. ਨਰਿੰਦਰ ਸਿੰਘ ਸ਼ੇਰਗਿੱਲ ਕੈਨੇਡਾ ਨੇ ਕੀਤਾ ਅਤੇ ਉਹਨਾਂ ਦਾ ਸਹਿਯੋਗ ਡਾ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ, ਸ. ਦਰਸ਼ਨ ਸਿੰਘ ਮਾਹਿਲ ਕੈਨੇਡਾ ਸੀਨੀਅਰ ਟਰੱਸਟ ਮੈਂਬਰ ਅਤੇ ਸ. ਮਲਕੀਅਤ ਸਿੰਘ ਬਾਹੜੋਵਾਲ ਸਾਬਕਾ ਪ੍ਰਧਾਨ ਨੇ ਦਿੱਤਾ । ਇਸ ਮੌਕੇ ਡਾ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਨੇ ਸਮੂਹ ਟਰੱਸਟ ਮੈਂਬਰਾਂ ਵੱਲੋਂ ਬਾਨੀ ਪ੍ਰਧਾਨ ਬਾਬਾ ਬੁੱਧ ਸਿੰਘ ਢਾਹਾਂ ਜੀ ਦੇ ਜਨਮ ਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ ਦਿੱਤੀਆਂ । ਡਾ. ਢਾਹਾਂ ਨੇ ਕਿਹਾ ਕਿ ਬਾਬਾ ਜੀ ਨੇ ਆਪਣੇ ਸਾਥੀਆਂ ਨਾਲ ਢਾਹਾਂ ਕਲੇਰਾਂ ਦੀ ਕੱਲਰੀ ਧਰਤੀ 'ਤੇ ਸੇਵਾ ਕਾਰਜ 1979 ਤੋਂ ਆਰੰਭ ਕੀਤੇ ਸਨ। ਬਾਬਾ ਜੀ ਦੀ ਅਗਵਾਈ ਵਿਚ ਸ਼ੁਰੂ ਹੋਈਆਂ ਮੈਡੀਕਲ ਸੇਵਾਵਾਂ ਅਤੇ ਵਿਦਿਅਕ ਸੇਵਾਵਾਂ ਚਾਰ ਦਹਾਕਿਆਂ ਤੋਂ ਨਿਰੰਤਰ ਚੱਲ ਰਹੀਆਂ ਹਨ ਅਤੇ ਉਹਨਾਂ ਵਿਚ ਚੱਲ ਰਹੀਆਂ ਸੇਵਾਵਾਂ ਵਿਚ ਵਾਧਾ ਕਰਦੇ ਹੋਏ, ਉਹਨਾਂ ਦਾ ਆਧੁਨਿਕੀਕਰਨ ਕੀਤਾ ਜਾ ਰਿਹਾ ਹੈ । ਡਾ. ਢਾਹਾਂ ਨੇ ਕਿਹਾ ਕਿ ਬਾਬਾ ਜੀ ਵੱਲੋਂ ਲਏ ਸੁਪਨੇ ਅਤੇ ਰਹਿੰਦੇ ਅਧੂਰੇ ਕਾਰਜ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਪੂਰੇ ਕੀਤੇ ਜਾਣਗੇ। ਉਹਨਾਂ ਨੇ ਸਮੂਹ ਟਰੱਸਟ ਮੈਂਬਰਾਂ ਵੱਲੋਂ ਬਾਬਾ ਜੀ ਦੇ 100ਵੇਂ ਜਨਮ ਦਿਨ ਨੂੰ ਸਮਰਪਿਤ ਮੁਫਤ ਮੈਗਾ ਮੈਡੀਕਲ ਕੈਂਪ ਨੂੰ ਕਾਮਯਾਬ ਕਰਨ ਲਈ ਇਲਾਕਾ ਨਿਵਾਸੀਆਂ ਵੱਲੋਂ ਦਿੱਤੇ ਭਰਵੇਂ ਸਹਿਯੋਗ ਲਈ ਹਾਰਦਿਕ ਧੰਨਵਾਦ ਵੀ ਕੀਤਾ । ਅੱਜ ਟਰੱਸਟ ਵੱਲੋਂ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਇਲਾਕੇ ਦੇ ਲੋੜਵੰਦਾਂ ਮਰੀਜ਼ਾਂ ਲਈ ਬਾਬਾ ਜੀ 100ਵੇਂ ਜਨਮ ਦਿਨ ਨੂੰ ਸਮਰਪਿਤ ਮੁਫਤ ਮੈਗਾ ਮੈਡੀਕਲ ਕੈਂਪ ਲਗਾਇਆ ਗਿਆ, ਜਿਸ ਦਾ ਇਲਾਕੇ ਦੇ 825 ਮਰੀਜ਼ਾਂ ਨੇ ਲਾਭ ਪ੍ਰਾਪਤ ਕੀਤਾ । ਜਿਸ ਵਿਚ ਰੀੜ੍ਹ ਦੀ ਹੱਡੀ ਤੇ ਦਿਮਾਗ ਦੀਆਂ ਬਿਮਾਰੀਆਂ ਦੇ ਅਪਰੇਸ਼ਨਾਂ ਦੇ ਮਾਹਿਰ ਡਾ. ਜਸਦੀਪ ਸਿੰਘ ਸੈਣੀ, ਸ਼ੂਗਰ, ਬੀ ਪੀ, ਗੁਰਦੇ ਤੇ ਆਮ ਸਰੀਰਿਕ ਬਿਮਾਰੀਆਂ ਦੇ ਮਾਹਿਰ ਡਾ. ਵਿਵੇਕ ਗੁੰਬਰ, ਹੱਡੀਆਂ ਤੇ ਜੋੜਾਂ ਦੀਆਂ ਬਿਮਾਰੀਆਂ ਤੇ ਅਪਰੇਸ਼ਨਾਂ ਦੇ ਮਾਹਿਰ ਡਾ. ਪਰਮਿੰਦਰ ਸਿੰਘ ਵਾਰੀਆ, ਪਿਸ਼ਾਬ ਦੇ ਰੋਗਾਂ ਤੇ ਯੂਰੋਲੋਜੀ ਦੇ ਮਾਹਿਰ ਡਾ. ਅਮਿਤ ਸੰਧੂ, ਜਨਰਲ ਸਰਜਰੀ ਅਤੇ ਲੈਪਰੋਸਕੋਪਿਕ ਸਰਜਰੀ ਦੇ ਮਾਹਿਰ ਡਾ. ਮਾਨਵਦੀਪ ਸਿੰਘ ਬੈਂਸ, ਦੰਦਾਂ ਦੀਆਂ ਬਿਮਾਰੀਆਂ ਦੇ ਮਾਹਿਰ ਡਾ. ਜਗਜੀਤ ਸਿੰਘ, ਨੱਕ-ਕੰਨ-ਗਲੇ ਦੀਆਂ ਬਿਮਾਰੀਆਂ ਦੇ ਮਾਹਿਰ ਡਾ. ਬਲਵਿੰਦਰ ਸਿੰਘ, ਔਰਤ ਰੋਗਾਂ ਦੇ ਅਪਰੇਸ਼ਨਾਂ ਦੇ ਮਾਹਿਰ ਡਾ ਸ਼ਵੇਤਾ ਬਗੜੀਆ, ਬੱਚਿਆਂ ਦੀਆਂ ਬਿਮਾਰੀਆਂ ਦੇ ਮਾਹਿਰ ਡਾ. ਹਰਤੇਸ਼ ਸਿੰਘ ਪਾਹਵਾ, ਅੱਖਾਂ ਦੀਆਂ ਬਿਮਾਰੀਆਂ ਦੇ ਮਾਹਿਰ ਡਾ ਤੁਸ਼ਾਰ ਅਗਰਵਾਲ ਮਾਹਿਰ ਨੇ ਕੈਂਪ ਮਰੀਜ਼ਾਂ ਦਾ ਮੁਫ਼ਤ ਚੈਕਅੱਪ ਕੀਤਾ। ਇਸ ਕੈਂਪ ਵਿਚ ਮਰੀਜ਼ਾਂ ਦੇ ਕਾਰਡ ਮੁਫਤ ਬਣੇ ਅਤੇ ਉਹਨਾਂ ਨੂੰ ਫਰੀ ਡਾਕਟਰੀ ਸਲਾਹ ਦੇਣ ਦੇ ਨਾਲ ਨਾਲ, ਫਾਈਬਰੋ ਸਕੈਨ (ਲਿਵਰ ਦੀ ਸੈਕਨਿੰਗ), ਥਾਇਰਾਇਡ ਟੈਸਟ, ਐਚ ਬੀ ਏ 1ਸੀ ਟੈਸਟ, ਬੀ ਐਮ ਡੀ ਟੈਸਟ, ਯੂਰੋਫਲੋਮੀਟਰੀ ਟੈਸਟ, ਡਾਇਟ ਸਲਾਹ, ਸੁਣਾਈ ਵਾਲਾ ਪੀ ਟੀ ਏ ਟੈਸਟ, ਨਿਊਰੋਪੈਥੀ, ਤੋਤਲਾ ਤੇ ਘੱਟ ਬੋਲਣ ਵਾਲਿਆਂ ਲਈ ਸਪੀਚ ਥੈਰੇਪੀ ਟੈਸਟ ਮੁਫਤ ਕਰਨ ਦੇ ਨਾਲ ਬੱਚਿਆਂ ਦੇ ਟੇਢੇ ਮੇਢੇ ਦੰਦਾਂ ਦੀ ਜਾਂਚ, ਅਤੇ ਲੋੜਵੰਦ ਮਰੀਜ਼ਾਂ ਦੇ ਖਰਾਬ ਦੰਦਾਂ ਦੇ ਐਕਸਰੇ ਫਰੀ ਕੀਤੇ ਅਤੇ ਦੰਦ ਵੀ ਫਰੀ ਕੱਢੇ ਗਏ । ਇਸ ਮੌਕੇ ਗਰਭਵਤੀ ਔਰਤਾਂ ਅਲਟਰਾਸਾਊਂਡ ਸਕੈਨ ਵੀ ਮੁਫਤ ਕੀਤੀ ਗਈ । ਇਸ ਕੈਂਪ ਵਿਚ ਕੰਨਾਂ ਦੀਆਂ ਮਸ਼ੀਨਾਂ 'ਤੇ ਭਾਰੀ ਛੋਟ ਦਿੱਤੀ ਗਈ । ਮੁਫਤ ਮੈਗਾ ਮੈਡੀਕਲ ਚੈੱਕਅਪ ਕੈਂਪ ਮੌਕੇ ਸ. ਨਰਿੰਦਰ ਸਿੰਘ ਸ਼ੇਰਗਿੱਲ ਕੈਨੇਡਾ ਸੀਨੀਅਰ ਟਰੱਸਟ ਮੈਂਬਰ, ਸ. ਦਰਸ਼ਨ ਸਿੰਘ ਮਾਹਿਲ ਕੈਨੇਡਾ ਸੀਨੀਅਰ ਟਰੱਸਟ ਮੈਂਬਰ, ਸ. ਮਲਕੀਅਤ ਸਿੰਘ ਬਾਹੜੋਵਾਲ ਸਾਬਕਾ ਪ੍ਰਧਾਨ, ਸ. ਦਵਿੰਦਰ ਸਿੰਘ ਢਿੱਲੋਂ ਯੂ ਐਸ ਏ, ਪ੍ਰੋ: ਹਰਬੰਸ ਸਿੰਘ ਬੋਲੀਨਾ ਡਾਇਰੈਕਟਰ ਸਿੱਖਿਆ, ਭਾਈ ਜੋਗਾ ਸਿੰਘ, ਡਾ. ਜਸਦੀਪ ਸਿੰਘ ਸੈਣੀ ਮੈਡੀਕਲ ਸੁਪਰਡੈਂਟ, ਮੈਡਮ ਰਮਨਦੀਪ ਕੌਰ ਪ੍ਰਿੰਸੀਪਲ ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ, ਮੈਡਮ ਵਨੀਤਾ ਚੋਟ ਪ੍ਰਿੰਸੀਪਲ ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਢਾਹਾਂ ਕਲੇਰਾਂ, ਸ੍ਰੀ ਰਾਜਦੀਪ ਥਿਦਵਾਰ ਵਾਈਸ ਪ੍ਰਿੰਸੀਪਲ ਗੁਰੂ ਨਾਨਕ ਪੈਰਾ ਮੈਡੀਕਲ ਕਾਲਜ ਢਾਹਾਂ ਕਲੇਰਾਂ, ਮੈਡਮ ਦਵਿੰਦਰ ਕੌਰ ਨਰਸਿੰਗ ਸੁਪਰਡੈਂਟ, ਮੈਡਮ ਸਰਬਜੀਤ ਕੌਰ ਡੀ ਐਨ ਐਸ, ਮੈਡਮ ਦਲਜੀਤ ਕੌਰ ਪੰਨੂ, ਮੈਡਮ ਜੋਤੀ ਭਾਟੀਆ, ਸ. ਪ੍ਰੇਮ ਪ੍ਰਕਾਸ਼ ਸਿੰਘ, ਸ. ਕਮਲਜੀਤ ਸਿੰਘ, ਸ. ਭੁਪਿੰਦਰ ਸਿੰਘ, ਸ. ਰਣਜੀਤ ਸਿੰਘ ਮਾਨ, ਸ੍ਰੀ ਜੋਗਾ ਰਾਮ ਵੀ ਹਾਜ਼ਰ ਸਨ ।



**ਬਾਬਾ ਬੁੱਧ ਸਿੰਘ ਢਾਹਾਂ ਜੀ ਦੇ 100ਵੇਂ ਜਨਮ ਦਿਨ ਨੂੰ ਸਮਰਪਿਤ ਫਰੀ ਮੈਗਾ ਮੈਡੀਕਲ ਚੈੱਕਅਪ ਕੈਂਪ ਦਾ ਉਦਘਾਟਨ ਕਰਦੇ ਹੋਏ ਸ. ਨਰਿੰਦਰ ਸਿੰਘ ਸ਼ੇਰਗਿੱਲ ਕੈਨੇਡਾ, ਨਾਲ ਹਨ ਡਾ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ, ਸ. ਦਰਸ਼ਨ ਸਿੰਘ ਮਾਹਿਲ, ਸ. ਮਲਕੀਅਤ ਸਿੰਘ ਬਾਹੜੋਵਾਲ ਅਤੇ ਹੋਰ ਪਤਵੰਤੇ।**

# ਜ਼ਿਲ੍ਹਾ ਪ੍ਰੀਸ਼ਦ ਜੋਨ ਖੜਿਆਲਾ ਸੈਣੀਆਂ ਲਈ ਇੰਦਰਜੀਤ ਕੌਰ ਕੌਂਸਲ ਨੇ ਭਰੀ ਨਾਮਜਦਗੀ

**ਹੁਸ਼ਿਆਰਪੁਰ, ( ਤਰਸੇਮ ਦੀਵਾਨਾ )** ਜ਼ਿਲ੍ਹਾ ਪ੍ਰੀਸ਼ਦ ਹੁਸ਼ਿਆਰਪੁਰ ਦੇ ਜੋਨ ਖੜਿਆਲਾ ਸੈਣੀਆਂ ਲਈ ਇੰਦਰਜੀਤ ਕੌਰ ਕੌਂਸਲ ਨੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਵਜੋਂ ਨਾਮਜਦਗੀ ਪੇਪਰ ਭਰੇ ਝ ਕੈਬਨਿਟ ਮੰਤਰੀ ਡਾਕਟਰ ਰਵਜੋਤ ਸਿੰਘ ਦੀ ਹਾਜ਼ਰੀ ਵਿੱਚ ਰਿਟਰਨਿੰਗ ਅਫਸਰ ਸ਼੍ਰੀਮਤੀ ਅਮਰਬੀਰ ਕੌਰ ਭੁੱਲਰ ਵਧੀਕ ਡਿਪਟੀ ਕਮਿਸ਼ਨਰ ਦੇ ਦਫਤਰ ਵਿੱਚ ਨਾਮਜ਼ਦਗੀ ਪੱਤਰ ਦਾਖਲ ਕਰਨ ਮੌਕੇ ਉਮੀਦਵਾਰ ਇੰਦਰਜੀਤ ਕੌਰ ਕੌਂਸਲ ਦੇ ਪਤੀ ਹਰਦੇਵ ਸਿੰਘ ਕੌਂਸਲ ਸਟੇਟ ਚੇਅਰਮੈਨ ਸਿਵਿਲ ਪ੍ਰੋਡਕਸ਼ਨ ਲੀਗਲ ਸਰਵਿਸ ਸੁਸਾਇਟੀ ਇੰਡੀਆ, ਜ਼ਿਲ੍ਹਾ ਪ੍ਰਧਾਨ ਆਪ,ਸਰਪੰਚ ਪਰਵਿੰਦਰ ਸਿੰਘ ਸੱਜਣ ਵੀ ਮੌਜੂਦ ਸਨ ਝ ਇਸ ਮੌਕੇ ਆਪਣੇ ਸੰਬੋਧਨ ਵਿੱਚ ਕੈਬਨਟ ਮੰਤਰੀ ਪੰਜਾਬ ਡਾਕਟਰ ਰਵਜੋਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲੋਕਾਂ ਦੀ ਭਲਾਈ ਲਈ ਬਹੁਤ ਸਾਰੀਆਂ ਯੋਜਨਾਵਾਂ ਲਿਆਂਦੀਆਂ ਹਨ ਜਿਨਾਂ ਦਾ ਪੰਜਾਬ ਦੇ ਆਮ ਲੋਕਾਂ ਨੂੰ ਆਮ ਆਦਮੀ ਬਹੁਤ ਲਾਭ ਪਹੁੰਚਿਆ ਹੈ। ਇਸ ਕਾਰਨ ਪੰਜਾਬ ਦੇ ਲੋਕ ਮੁੜ ਤੋਂ 2027 ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਚਾਹੁੰਦੇ ਹਨ ਜਿਸ ਦਾ ਆਗਾਜ਼ ਜ਼ਿਲਾ ਪਰਿਸ਼ਦ ਤੇ ਬਲਾਕ ਸੰਮਤੀ ਚੋਣਾਂ ਵਿੱਚ ਹੋਣ ਜਾ ਰਿਹਾ ਹੈ। ਉਹਨਾਂ ਦਾਅਵਾ ਕੀਤਾ ਕਿ ਆਮ ਆਦਮੀ ਪਾਰਟੀ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਵਿੱਚ ਵੱਡੇ ਬਹੁਮਤ ਨਾਲ ਜਿੱਤ ਹਾਸਿਲ ਕਰੇਗੀ।



**ਫੋਟੋ ਅਜਮੇਰ ਦੀਵਾਨਾ**

# 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਗਿਆਰਾਂ ਰੋਜ਼ਾ ਗੁਰਮਤਿ ਸਮਾਗਮਾਂ ਦੀ ਲੜੀ ਹੋਈ ਸੰਪੂਰਨ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** – ਗੁਰਸ਼ਬਦ ਪ੍ਰਕਾਸ਼ ਕੀਰਤਨ ਕੌਂਸਲ ਦੇ ਜਥਿਆਂ ਵਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦੀ ਲਾਸਾਨੀ ਸ਼ਹਾਦਤ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਵੱਖ ਵੱਖ ਪਿੰਡਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਅਧੀਨ ਕਰਵਾਏ ਜਾ ਰਹੇ ਗਿਆਰਾਂ ਰੋਜ਼ਾ ਗੁਰਮਤਿ ਸਮਾਗਮਾਂ ਦੀ ਚੜ੍ਹਦੀਕਲਾ ਵਿੱਚ ਸੰਪੂਰਨਤਾ ਹੋਈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਕੀਰਤਨ ਕੌਂਸਲ ਦੇ ਪ੍ਰਧਾਨ ਭਾਈ ਸੁਖਵੀਰ ਸਿੰਘ ਗੜ੍ਹਦੀਵਾਲਾ ਅਤੇ ਚੇਅਰਮੈਨ ਭਾਈ ਗੁਰਮੁਖ ਸਿੰਘ ਕੰਧਾਲਾ ਜੱਟਾਂ ਨੇ ਦੱਸਿਆ ਕਿ 350 ਸਾਲਾ ਸ਼ਹੀਦੀ ਸ਼ਤਾਬਦੀ ਦੇ ਸੰਬੰਧ ਵਿੱਚ ਗੁਰਸ਼ਬਦ ਪ੍ਰਕਾਸ਼ ਕੀਰਤਨ ਕੌਂਸਲ ਗੜ੍ਹਦੀਵਾਲਾ ਵਲੋਂ ਰੋਜ਼ਾਨਾਂ ਪਿੰਡ ਮਿਰਜ਼ਾਪੁਰ (ਧਾਲੀਵਾਲ), ਪਿੰਡ ਨੌਸ਼ਹਿਰਾ, ਪਿੰਡ ਕੋਟਲੀ ਬਾਵਾ ਦਾਸ, ਪਿੰਡ ਲਾਂਬੜਾ, ਬੁਲੋਵਾਲ, ਗੁਰਦੁਆਰਾ ਸਿੰਘ ਸਭਾ ਮਿਆਣੀ ਰੋਡ ਦਸੂਹਾ, ਪਿੰਡ ਮਾਂਗਾ, ਪਿੰਡ ਮਿਰਜ਼ਾਪੁਰ ਜੰਡੇ, ਪਿੰਡ ਭਟੋਲੀਆਂ (ਸਵੇਰੇ ਅਮ੍ਰਿਤਵੇਲੇ) ਅਤੇ ਆਖਰੀ ਸਮਾਗਮ ਗੁਰਦੁਆਰਾ ਸਿੰਘ ਸਭਾ ਭਾਈ ਵੀਰ ਸਿੰਘ ਪਿੰਡ ਨੰਗਲ ਈਸ਼ਰ ਵਿਖੇ ਕਰਵਾਏ ਗਏ। ਇਨ੍ਹਾਂ ਸਮਾਗਮਾਂ ਵਿੱਚ ਭਾਈ ਜਸਵਿੰਦਰ ਸਿੰਘ ਦਸੂਹਾ ਵਾਲੇ, ਭਾਈ ਸੁਖਵੀਰ ਸਿੰਘ ਗੜ੍ਹਦੀਵਾਲਾ ਵਾਲੇ, ਭਾਈ ਗੁਰਮੁਖ ਸਿੰਘ ਕੰਧਾਲਾ ਜੱਟਾਂ, ਭਾਈ ਜਸਵੀਰ ਸਿੰਘ ਭਟੋਲੀਆਂ ਵਾਲੇ, ਭਾਈ ਜਸਪ੍ਰੀਤ ਸਿੰਘ ਬਾਬਕ, ਭਾਈ ਹਰਵਿੰਦਰ ਸਿੰਘ ਨੰਗਲ ਈਸ਼ਰ, ਭਾਈ ਅਮਰੀਕ ਸਿੰਘ ਕਬੀਰਪੁਰ, ਭਾਈ ਦਲਜੀਤ ਸਿੰਘ ਕੰਧਾਲਾ ਜੱਟਾਂ ਦੇ ਜਥਿਆਂ ਨੇ ਕਥਾ-ਕੀਰਤਨ ਰਾਂਹੀ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਰੋਜ਼ਾਨਾਂ ਗੁਰਦੁਆਰਾ ਪ੍ਰਬੰਧਕਾਂ ਵਲੋਂ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਭਾਈ ਸੁਖਵੀਰ ਸਿੰਘ ਗੜ੍ਹਦੀਵਾਲਾ ਨੇ ਅਕਾਲ ਪੁਰਖ ਅਤੇ ਸਮੂਹ ਸਹਿਯੋਗੀਆਂ ਦਾ ਧੰਨਵਾਦ ਕੀਤਾ।




# ਨਰੇਗਾ ਰੋਜ਼ਗਾਰ ਪ੍ਰਾਪਤ ਯੂਨੀਅਨ ਦੇ ਜ਼ਿਲਾ ਪ੍ਰਧਾਨ ਕਾਮਰੇਡ ਵੀਰ ਸਿੰਘ ਕੰਮੇਆਣਾ ਦੀ ਪ੍ਰਧਾਨਗੀ ਹੇਠ ਹੋਈ

**ਫ਼ਰੀਦਕੋਟ (ਸ਼ਿਵਨਾਥ ਦਰਦੀ )** ਪਿੰਡ ਕਿਲਾ ਨੌ ਨਰੇਗਾ ਮਜ਼ਦੂਰਾਂ ਦੀ ਇੱਕ ਅਹਿਮ ਮੀਟਿੰਗ ਹੋਈ। ਇਸ ਮੀਟਿੰਗ ਦੀ ਪ੍ਰਧਾਨਗੀ ਨਰੇਗਾ ਰੋਜ਼ਗਾਰ ਪ੍ਰਾਪਤ ਯੂਨੀਅਨ ਦੇ ਜ਼ਿਲਾ ਪ੍ਰਧਾਨ ਕਾਮਰੇਡ ਵੀਰ ਸਿੰਘ ਕੰਮੇਆਣਾ ਦੀ ਪ੍ਰਧਾਨਗੀ ਹੇਠ ਹੋਈ । ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਸੀਪੀਆਈ ਪਾਰਟੀ ਦੇ ਜਿਲ੍ਹਾ ਸਕੱਤਰ ਅਸ਼ੋਕ ਕੌਸ਼ਲ ਜੀ ਨੇ ਸਮੂਲੀਅਤ ਕੀਤੀ । ਇਹਨਾਂ ਤੋਂ ਇਲਾਵਾ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਸੁਖਜਿੰਦਰ ਸਿੰਘ ਤੂੰਬੜਭੰਨ ਜੀ ਨੇ ਸਾਂਝੇ ਤੌਰ ਤੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਪ੍ਰੈਸ ਨਾਲ ਗੱਲਬਾਤ ਕਰਦਿਆਂ ਦੱਸਿਆ ਗਿਆ ਕਿ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਨਰੇਗਾ ਮਜ਼ਦੂਰਾਂ ਦੇ 100 ਤੋਂ ਹੋਰ 50 ਦਿਨ ਵਧਾ ਕੇ 150 ਦਿਨਾਂ ਦਾ ਨੋਟੀਫਿਕੇਸ਼ਨ ਤੇ ਜਾਰੀ ਕੀਤਾ ਗਿਆ ਹੈ, ਪ੍ਰੰਤੂ ਵਿਭਾਗ ਵੱਲੋਂ ਨਰੇਗਾ ਮਜ਼ਦੂਰਾਂ ਨੂੰ ਕੰਮ ਅਜੇ ਵੀ ਨਹੀਂ ਮਿਲਿਆ।

ਪਿੰਡਾਂ ਵਿੱਚ ਸਰਪੰਚਾਂ ਵੱਲੋਂ ਨਰੇਗਾ ਮਜ਼ਦੂਰਾਂ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ, ਅਸੀਂ ਕੇਂਦਰ ਅਤੇ ਪੰਜਾਬ ਸਰਕਾਰ ਦਾ ਇਸ ਨੋਟੀਫਿਕੇਸ਼ਨ ਦਾ ਸਗਾਵਤ ਕਰਦੇ ਹਾਂ ਅਤੇ ਸਲਾਘਾ ਕਰਦੇ ਹਾਂ ਕਿ ਇਹ ਲੋਕਾਂ ਦੇ ਹਿੱਤ ਦਾ ਫੈਸਲਾ ਹੈ, ਪ੍ਰੰਤੂ ਨਾਲ ਹੀ ਕੇਂਦਰ ਅਤੇ ਪੰਜਾਬ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦੇ ਹਾਂ ਕਿ 150 ਦਿਨ ਜੇ ਆਪ ਜੀ ਵੱਲੋਂ ਕੀਤੇ ਗਏ ਹਨ ਤਾਂ ਇਹ 150 ਦਿਨ ਨਰੇਗਾ ਮਜ਼ਦੂਰਾਂ ਨੂੰ ਰੋਜ਼ਗਾਰ ਦੇਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਪਿਛਲੇ ਛੇ ਸੱਤ ਮਹੀਨਿਆਂ ਤੋਂ ਨਰੇਗਾ ਮਜ਼ਦੂਰਾਂ ਦੇ ਚੁੱਲੇ ਠੰਡੇ ਪਏ ਹਨ , ਗਰੀਬ ਬਜ਼ੁਰਗਾਂ ਕੋਲ ਦਵਾਈ ਲਿਆਉਣ ਲਈ ਪੈਸੇ ਨਹੀਂ ਹਨ ।

ਅਸੀਂ ਪੰਜਾਬ ਸਰਕਾਰ ਨੂੰ ਆਪਣੀਆਂ ਵੱਖ ਵੱਖ ਜਥੇਬੰਦੀਆਂ ਵੱਲੋਂ ਬੇਨਤੀ ਕਰਦੇ ਹਾਂ ਕਿ ਇਹਨਾਂ ਨਰੇਗਾ ਮਜ਼ਦੂਰਾਂ ਵੱਲ ਖਾਸ ਤੌਰ ਤੇ ਧਿਆਨ ਦਿੱਤਾ ਜਾਵੇ । ਸਾਰੇ ਬੰਦ ਪਏ ਕੰਮ ਖਾਲਿਆਂ ਤੇ ਨਹਿਰਾਂ ਤੇ ਜਿਵੇਂ ਪਹਿਲਾਂ ਚਲਦੇ ਸਨ , ਉਵੇਂ ਹੀ ਦੁਬ-ਾਰਾ ਫਿਰ ਤੋ ਚਲਾਏ ਜਾਣ ਅਤੇ ਨਾਲ ਹੀ ਗਰੀਬ ਮਜ਼ਦੂਰਾਂ ਦੀ ਦਿਹਾੜੀ ਵਧਾ ਕੇ 700 ਸੌ ਰੁਪਏ ਕੀਤੀ ਜਾਵੇ ਤਾਂ ਜੋ ਗਰੀਬ ਪਰਿਵਾਰਾਂ ਦਾ ਘਰ ਦਾ ਗੁਜ਼ਾਰਾ ਚੱਲ ਸਕੇ । ਵੱਧਦੀ ਹੋਈ ਮੰਗਿਆਈ ਨੂੰ ਵੇਖਦੇ ਹੋਇਆ ਨਰੇਗਾ ਮਜ਼ਦੂਰਾਂ ਦੀ ਦਿਹਾੜੀ ਵਿੱਚ ਵਾਧਾ ਕੀਤਾ ਜਾਵੇ । ਜਿਹੜੇ ਪਿੰਡਾਂ ਵਿੱਚ ਅਜੇ ਤੱਕ ਬੂਟਿਆਂ ਦਾ ਕੰਮ ਜਾਂ ਨਹਿਰਾਂ ਅਤੇ ਖਾਲਿਆਂ ਦੇ ਕੰਮ ਨਹੀਂ ਚਲਾਏ ਗਏ , ਉਹ ਵੀ ਤੁਰੰਤ ਚਲਾਏ ਜਾਣ । ਠੇਕੇਦਾਰਾਂ ਨੂੰ ਕੰਮ ਦੇਣ ਦੀ ਬਜਾਏ ਪਹਿਲਾਂ ਵਾਂਗ ਵਿਭਾਗ ਵੱਲੋਂ ਖੁਦ ਆਪਣੇ ਪੱਧਰ ਤੇ ਹੀ ਕੰਮ ਕਰਵਾਏ ਜਾਣ , ਇਹੀ ਸਾਡੀ ਮੰਗ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਕੋਲੋਂ ਕਰਦੇ ਹਾਂ । ਹੋਰਨਾ ਤੋਂ ਇਲਾਵਾ ਕਾਮਰੇਡ ਬਲਕਾਰ ਸਿੰਘ ਸਹੋਤਾ, ਪੱਤਰਕਾਰ ਸ਼ਿਵਨਾਥ ਦਰਦੀ, ਮੇਟ ਸੁਖਦੀਪ ਕੌਰ, ਮੇਟ ਗੌਰਵ ਸਿੰਘ, ਪੂਰਨ ਸਿੰਘ ਆਦਿ ਹਾਜ਼ਰ ਸਨ ।



# ਪੰਜਾਬ ਦੀਆਂ ਪੰਚਾਇਤੀ ਚੋਣਾਂ

ਪੰਜਾਬ ਜੋ ਕਿ ਭਾਰਤ ਦਾ ਇਕ ਮਹੱਤਵਪੂਰਨ ਖੇਤੀ-ਪ੍ਰਧਾਨ ਸੂਬਾ ਹੈ, ਇੱਥੇ ਪੰਚਾਇਤੀ ਚੋਣਾਂ ਦੀ ਆਪਣੀ ਵੱਖਰੀ ਹੀ ਮਹੱਤਤਾ ਹੈ। ਪੰਚਾਇਤੀ ਰਾਜ ਪ੍ਰਣਾਲੀ ਨੂੰ ਪੇਂਡੂ ਸਿਆਸਤ ਦੀ ਨੀਂਹ ਮੰਨਿਆ ਜਾਂਦਾ ਹੈ ਅਤੇ ਇਸ ਨੂੰ ਅਕਸਰ 'ਮਿੰਨੀ ਵਿਧਾਨ ਸਭਾ' ਦੀ ਚੋਣ ਵੀ ਕਿਹਾ ਜਾਂਦਾ ਹੈ। ਪੰਜਾਬ ਵਿੱਚ ਪੰਚਾਇਤਾਂ ਤਿੰਨ ਪੱਧਰਾਂ, ਗ੍ਰਾਮ ਪੰਚਾਇਤ, ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਰਾਹੀਂ ਕੰਮ ਕਰਦੀਆਂ ਹਨ।

ਪੰਚਾਇਤੀ ਚੋਣਾਂ ਰਾਜਨੀਤਿਕ ਪਾਰਟੀਆਂ ਲਈ ਜ਼ਮੀਨ ਨਾਲ ਜੁੜਨ ਦਾ ਸਭ ਤੋਂ ਵੱਡਾ ਮਾਧਿਅਮ ਹਨ। ਇਨ੍ਹਾਂ ਚੋਣਾਂ ਰਾਹੀਂ ਪਾਰਟੀਆਂ ਆਪਣੀ ਲੋਕਪ੍ਰਿਯਤਾ ਅਤੇ ਪਿੰਡਾਂ ਵਿੱਚ ਪ੍ਰਭਾਵ ਦੇ ਅੰਦਾਜ਼ੇ ਲਾਉਂਦੀਆਂ ਹਨ, ਜੋ ਅੱਗੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਇਸ਼ਾਰਾ ਵੀ ਮੰਨਿਆ ਜਾਂਦਾ ਹੈ। ਇਨ੍ਹਾਂ ਚੋਣਾਂ ਨਾਲ ਪੇਂਡੂ ਇਲਾਕਿਆਂ ਦੇ ਨੌਜਵਾਨਾਂ ਨੂੰ ਸਿਆਸਤ ਵਿੱਚ ਵੱਡੇ ਪੱਧਰ 'ਤੇ ਆਉਣ ਦਾ ਮੌਕਾ ਮਿਲਦਾ ਹੈ ਅਤੇ ਕਈ ਨਵੇਂ ਲੀਡਰ ਇੱਥੋਂ ਤੋਂ ਹੀ ਉਭਰਦੇ ਹਨ। ਇਸਦੇ ਨਾਲ-ਨਾਲ ਪਿੰਡਾਂ ਦੇ ਵਿਕਾਸ ਸੰਬੰਧੀ ਗ੍ਰਾਂਟਾਂ, ਸ਼ਾਮਲਾਟ ਜ਼ਮੀਨਾਂ ਦੀ ਵਰਤੋਂ ਅਤੇ ਹੋਰ ਫੰਡਾਂ ਬਾਰੇ ਅਹਿਮ ਫੈਸਲੇ ਵੀ ਪੰਚਾਇਤਾਂ ਦੁਆਰਾ ਹੀ ਕੀਤੇ ਜਾਂਦੇ ਹਨ। ਪੰਜਾਬ ਸਰਕਾਰ ਨੇ ਪੰਚਾਇਤੀ ਰਾਜ ਪ੍ਰਣਾਲੀ ਵਿੱਚ ਔਰਤਾਂ ਦੀ ਭਾਗੀਦਾਰੀ ਵਧਾਉਣ ਲਈ ਇੱਕ ਮਹੱਤਵਪੂਰਨ ਕਦਮ ਚੁੱਕਦਿਆਂ ਗ੍ਰਾਮ ਪੰਚਾਇਤਾਂ, ਬਲਾਕ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਵਿੱਚ ਰਾਖਵਾਂਕਰਨ ਨੂੰ 33 ਫੀਸਦੀ ਤੋਂ ਵਧਾ ਕੇ 50 ਫੀਸਦੀ ਕਰ ਦਿੱਤਾ ਹੈ। ਇਸ ਨਾਲ ਪੇਂਡੂ ਪ੍ਰਸ਼ਾਸਨ ਵਿੱਚ ਔਰਤਾਂ ਦੀ ਸਾਂਝ ਬਰਾਬਰ ਦੀ ਹੋਈ ਹੈ। ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਲਈ ਵੀ ਆਬਾਦੀ ਅਨੁਸਾਰ ਰਾਖਵਾਂਕਰਨ ਦਾ ਪੂਰਾ ਧਿਆਨ ਰੱਖਿਆ ਜਾਂਦਾ ਹੈ। ਪੰਚਾਇਤੀ ਚੋਣਾਂ ਦਾ ਸੰਚਾਲਨ ਰਾਜ ਚੋਣ ਕਮਿਸ਼ਨ, ਪੰਜਾਬ ਦੁਆਰਾ ਕੀਤਾ ਜਾਂਦਾ ਹੈ। ਗ੍ਰਾਮ ਪੰਚਾਇਤ ਵਿੱਚ ਸਰਪੰਚ ਅਤੇ ਪੰਚਾਂ ਦੀ ਚੋਣ ਸਿੱਧੀ ਵੋਟ ਰਾਹੀਂ ਹੁੰਦੀ ਹੈ। ਭਾਵੇਂ ਪੰਚਾਇਤੀ ਚੋਣਾਂ ਕਾਗਜ਼ਾਂ ਅਨੁਸਾਰ ਪਾਰਟੀ-ਰਹਿਤ ਮੰਨੀਆਂ ਜਾਂਦੀਆਂ ਹਨ, ਪਰ ਅਸਲ ਵਿੱਚ ਸਿਆਸੀ ਪਾਰਟੀਆਂ ਆਮ ਤੌਰ 'ਤੇ ਆਪਣੇ ਉਮੀਦਵਾਰਾਂ ਦਾ ਸਮਰਥਨ ਕਰਦੀਆਂ ਹਨ, ਜਿਸ ਨਾਲ ਚੋਣਾਂ ਪੂਰੀ ਤਰ੍ਹਾਂ ਸਿਆਸੀ ਰੰਗ ਲੈ ਲੈਂਦੀਆਂ ਹਨ। ਇਨ੍ਹਾਂ ਚੋਣਾਂ ਵਿੱਚ ਕਈ ਚੁਣੌਤੀਆਂ ਵੀ ਸਾਹਮਣੇ ਆਉਂਦੀਆਂ ਹਨ। ਧੜੇਬੰਦੀ ਅਤੇ ਗਰੁੱਪਬਾਜ਼ੀ ਪਿੰਡਾਂ ਵਿੱਚ ਲੰਬੇ ਸਮੇਂ ਲਈ ਸੰਬੰਧਾਂ 'ਤੇ ਅਸਰ ਪਾਂਦੀ ਹੈ। ਪੈਸੇ ਅਤੇ ਸ਼ਰਾਬ ਦੀ ਵਰਤੋਂ ਇੱਕ ਵੱਡੀ ਸਮੱਸਿਆ ਹੈ, ਜਿਸ ਕਾਰਨ ਯੋਗ ਅਤੇ ਇਮਾਨਦ-ਾਰ ਉਮੀਦਵਾਰ ਪਿੱਛੇ ਰਹਿ ਜਾਂਦੇ ਹਨ। ਸਰਕਾਰ ਉਹਨਾਂ ਪਿੰਡਾਂ ਨੂੰ ਵਿਸ਼ੇਸ਼ ਗ੍ਰਾਂਟਾਂ ਦੇ ਕੇ ਉਤਸ਼ਾਹਿਤ ਕਰਦੀ ਹੈ ਜੋ ਸਰਬਸੰਮਤੀ ਨਾਲ ਆਪਣੀ ਪੰਚਾਇਤ ਚੁਣਦੇ ਹਨ, ਤਾਂ ਜੋ ਚੋਣੀ ਧੜੇਬੰਦੀ ਨੂੰ ਘਟਾਇਆ ਜਾ ਸਕੇ। ਸੰਪੂਰਣ ਤੌਰ 'ਤੇ ਵੇਖਿਆ ਜਾਵੇ ਤਾਂ ਪੰਜਾਬ ਦੀਆਂ ਪੰਚਾਇਤੀ ਚੋਣਾਂ ਸਿਰਫ਼ ਸਿਆਸੀ ਮੁਕਾਬਲੇ ਨਹੀਂ, ਸਗੋਂ ਪੇਂਡੂ ਅਰਥਚਾਰੇ, ਸਮਾਜਿਕ ਢਾਂਚੇ ਅਤੇ ਲੋਕਤੰਤਰ ਦੀ ਮਜ਼ਬੂਤੀ ਨਾਲ ਜੁੜੀਆਂ ਹੋਈਆਂ ਹਨ। ਨਿਰਪੱਖ ਅਤੇ ਸ਼ਾਂਤੀਪੂਰਨ ਚੋਣਾਂ ਲਈ ਚੋਣ ਕਮਿਸ਼ਨ ਅਤੇ ਸਰਕਾਰ ਨੂੰ ਸਖ਼ਤੀ ਨਾਲ ਨਿਗਰਾਨੀ ਕਰਨ ਦੀ ਲੋੜ ਹੈ। ਪੰਜਾਬ ਦੇ ਹਰ ਵੋਟਰ ਨੂੰ ਆਪਣੀ ਵੋਟ ਇਮਾਨਦਾਰ, ਪੜ੍ਹੇ-ਲਿਖੇ ਅਤੇ ਵਿਕਾਸ-ਮੁਖੀ ਉਮੀਦਵਾਰ ਲਈ ਪਾਉਣੀ ਚਾਹੀਦੀ ਹੈ, ਕਿਉਂਕਿ ਮਜ਼ਬੂਤ ਪੰਚਾਇਤਾਂ ਹੀ ਮਜ਼ਬੂਤ ਅਤੇ ਰੰਗਲੇ ਪੰਜਾਬ ਦੀ ਬੁਨਿਆਦ ਤਿਆਰ ਕਰ ਸਕਦੀਆਂ ਹਨ।



**ਸੁਖਵਿੰਦਰ ਸਿੰਘ ਹੈਪੀ**
**ਮੋਰਿੰਡਾ**
**9417820000**



# ਗੀਤਕਾਰ ਤੇ ਗਾਇਕ ਕੁਲਵੀਰ ਲੱਲੀਆਂ ਆਪਣੇ ਨਵੇਂ ਗੀਤ 'ਸ਼ਰੀਕ' ਕਾਰਣ ਚਰਚਾ 'ਚ




**ਫਿਲੌਰ/ਅੱਪਰਾ, (ਦੀਪਾ)-** ਪੰਜਾਬ ਦੇ ਉੱਘੇ ਗੀਤਕਾਰ ਤੇ ਗਾਇਕ ਕੁਲਵੀਰ ਲੱਲੀਆਂ ਆਪਣੇ ਨਵੇਂ ਗੀਤ 'ਸ਼ਰੀਕ' ਨਾਲ ਅੱਜ ਚਰਚਾ 'ਚ ਹਨ । ਇਸ ਸੰਬੰਧੀ ਗੱਲਬਾਤ ਕਰਦਿਆਂ ਪੇਸ਼ਕਾਰ ਤਲਵਿੰਦਰ ਸਿੰਘ ਨੇ ਦੱਸਿਆ ਕਿ ਗੀਤਕਾਰ ਤੇ ਗਾਇਕ ਕੁਲਵੀਰ ਲੱਲੀਆਂ ਨੇ ਇਸ ਗੀਤ ਨੂੰ ਉਨ੍ਹਾਂ ਖੁਦ ਹੀ ਕਲਮਬੱਧ ਕੀਤਾ ਹੈ ਤੇ ਖੁਦ ਹੀ ਗਾਇਆ ਹੈ । ਇਸ ਗੀਤ ਦਾ ਸੰਗੀਤ ਨੌਜਵਾਨ ਸੰਗੀਤਕਾਰ ਲੱਕੀ ਅੱਪਰਾ ਨੇ ਦਿੱਤਾ ਹੈ, ਜਦਕਿ ਇਸ ਗੀਤ ਨੂੰ ਮਾਰਕੀਟ 'ਚ ਕਮਲ ਮਿਊਜ਼ਿਕ ਰਿਕਾਰਡਸ ਵਲੋਂ ਪੇਸ਼ ਕੀਤਾ ਗਿਆ ਹੈ । ਇਸ ਗੀਤ ਨੂੰ ਪੰਜ ਦਿਨਾਂ 'ਚ ਵੱਖ-ਵੱਖ ਸ਼ੋਸ਼ਲ ਮੀਡੀਆ ਸਾਈਟਸ 'ਤੇ 5 ਲੱਖ ਵਿਊਜ਼ ਮਿਲੇ ਹਨ । ਇੱਥੇ ਇਹ ਗੌਰ ਕਰਨਯੋਗ ਹੈ ਕਿ ਗੀਤਕਾਰ ਤੇ ਗਾਇਕ ਕੁਲਵੀਰ ਲੱਲੀਆਂ ਪਹਿਲਾਂ ਵੀ ਪਾਕਿਸਤਾਨੀ ਗਾਇਕਾ ਨਸੀਬੋ ਲਾਲ ਤੇ ਗਾਇਕ ਜਗਪਾਲ ਸੰਧੂ ਨੇ ਨਾਲ ਗਾਏ ਗੀਤਾਂ ਨਾਲ ਵਿਸ਼ਵ ਭਰ 'ਚ ਚਰਚਾ 'ਚ ਰਹਿ ਚੁੱਕੇ ਹਨ । ਮਾਰਕੀਟ 'ਚ ਕੁਲਵੀਰ ਲੱਲੀਆਂ ਜਲਦ ਹੀ ਨਵੇਂ ਗੀਤ ਨਾਲ ਹਾਜ਼ਰ ਹੋ ਰਹੇ ਹਨ ।

# ਬਲਾਕ ਸੰਮਤੀ ਅੱਪਰਾ ਜੋਨ ਨੰਬਰ-12 ਤੋਂ ਆਜਾਦ ਉਮੀਦਵਾਰ ਰਾਕੇਸ਼ ਘਈ (ਕੇਸ਼ੀ) ਸਰਾਫ਼ ਦੇ ਹੱਕ 'ਚ ਨਿੱਤਰੇ ਕਈ ਆਗੂ






**ਫਿਲੌਰ/ਅੱਪਰਾ, (ਦੀਪਾ)-** ਵਿਧਾਨ ਸਭਾ ਹਲਕਾ ਫਿਲੌਰ 'ਚ ਪੈਂਦੇ ਬਹੁ ਚਰਚਿਤ ਕਸਬਾ ਅੱਪਰਾ ਤੋਂ ਬਲਾਕ ਸੰਮਤੀ ਤੋਂ ਆਜਾਦ ਉਮੀਦਵਾਰ ਦੇ ਹੱਕ 'ਚ ਇੱਕ ਹੰਗਾਮੀ ਮੀਟਿੰਗ ਅੱਪਰਾ ਦੇ ਇੱਕ ਹੋਟਲ ''ਚ ਹੋਈ । ਇਸ ਮੌਕੇ ਅੱਪਰਾ ਦੇ ਕਈ ਉਮੀਦਵਾਰ ਹਾਜ਼ਰ ਹੋਏ, ਜੋ ਕਿ ਰਾਕੇਸ਼ ਘਈ (ਕੇਸ਼ੀ ਸਰਾਫ਼) ਦੇ ਹੱਕ 'ਚ ਨਿੱਤ ਗਏ । ਇਸ ਮੌਕੇ ਭਾਜਪਾ ਆਗੂ ਮਨੀ ਰਾਮ ਠਾਕੁਰ, ਮੁਕੇਸ਼ ਦਾਦਰਾ, ਸ਼ਿਵ ਕੁਮਾਰ ਗੌਤਮ ਤੇ ਸਾਬਕਾ ਸਰਪੰਚ ਡੀ. ਐਰੀ ਨੇ ਕਿਹਾ ਕਿ ਰਾਕੇਸ਼ ਘਈ ਇੱਕ ਇਮਾਨਦਾਰ ਵਿਅਕਤੀ ਹਨ ਤੇ ਹਰ ਇੱਕ ਲੋੜਵੰਦ ਨਾਲ ਹਮੇਸ਼ਾ ਖੜੇ ਹਨ । ਉਨਾਂ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਰਾਕੇਸ਼ ਘਈ ਦੇ ਹੱਕ 'ਚ ਵੋਟ ਦਾ ਫੱਤਵਾ ਦੇਣ । ਇਸ ਮੌਕੇ ਰਾਕੇਸ਼ ਘਈ (ਕੇਸ਼ੀ ਸਰਾਫ਼) ਨੇ ਬੋਲਦਿਆਂ ਕਿਹਾ ਕਿ ਮੈਂ ਪਹਿਲੀ ਵਾਰ ਇਲੈਕਸ਼ਨ ਲੜ ਰਿਹਾ ਹਾਂ । ਮੈਂ ਵਾਅਦਿਆਂ 'ਚ ਵਿਸ਼ਵਾਸ਼ ਨਹੀਂ ਰੱਖਦਾ ਬਲਕਿ ਕੰਮ ਕਰਨ 'ਚ ਵਿਸ਼ਵਾਸ਼ ਰੱਖਦਾ ਹਾਂ ।

# ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਬੰਸੀ ਬਰਨਾਲਾ ਵਲੋਂ ''ਜਬਰ ਜੁਲਮ '' ਸ਼ਬਦ 10 ਦਸੰਬਰ ਨੂੰ ਵਰਲਵਾਈਡ ਹੋਵੇਗਾ ਰੀਲਿਜ਼

## ਸਰੋਤਿਆਂ ਵਲੋਂ ਪਹਿਲਾ ਵੀ ਸਭਿਆਚਾਰਕ , ਪੰਜਾਬੀ, ਤੇ ਧਾਰਮਿਕ ਗੀਤਾਂ ਨੂੰ ਦਿੱਤਾ ਭਰਵਾ ਹੁੰਗਾਰਾ



**ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ )** ਸ਼ਹੀਦੀ ਪੰਦਰਵਾੜੇ ਅਤੇ ਛੋਟੇ ਸ਼ਹਿਬਜਾਦੀਆਂ ਦੀ ਲਾਸਾਨੀ ਕੁਰਬਾਨੀ ਤੇ ਸ਼ਹਾਦਤ ਨੂੰ ਸਮਰਪਿਤ ਸ਼ਬਦ '' ਜਬਰ ਜੁਲਮ '' ਪੰਜਾਬ ਦੇ ਪ੍ਰਸਿੱਧ ਕਲਾਕਾਰ ਤੇ ਸਾਰਿਆਂ ਦਾ ਚਹੇਤਾ ਛੋਟਾ ਵੀਰ ਬੰਸੀ ਬਰਨਾਲਾ ਵਲੋਂ 10 ਦਸੰਬਰ ਨੂੰ ਇਹ ਸ਼ਬਦ ਵਰਲਵਾਈਡ ਰੀਲਿਜ਼ ਕੀਤਾ ਜਾਵੇਗਾ । ਉਨ੍ਹਾਂ ਦੱਸਿਆ ਕਿ ਇਸ ਸ਼ਬਦ ਦੇ ਨੂੰ ਲੇਖਕ ਬਾਬਾ ਦਲਵੀਰ ਸਿੰਘ ਜੀ ਨੇ ਕਲਮਬੰਦ ਕੀਤਾ ਹੈ ਅਤੇ ਸੰਗੀਤ ਦੀਆਂ ਧੁਨਾ ਜੱਸੀ ਇੰਡੀਆ ਨੇ ਦਿੱਤੀਆ ਹਨ । ਇਸ ਨੂੰ ਪ੍ਰੋਡਿਊਸਰ ਗੁਰਮੀਤ ਮਹਿਮੀ ਤੇ ਰੁਬੀਨਾ ਮਹਿਮੀ ਨੇ ਵਰਡ ਦੀ ਨੰਬਰ ਇਕ ਕੰਪਨੀ ਜੀ ਆਰ ਐਮ ਇੰਟਰਟੇਨਮੈਂਟ ਵਰਡਵਾਈਡ ਵਲੋਂ ਰੀਲਿਜ ਕੀਤਾ ਜਾਵੇਗਾ । ਇਸ ਦੀ ਵੀਡਿਓ ਰੋਹਿਤ ਅੰਗੁਰਾਲ ਅਤੇ ਐਡੀਟਰ ਸੋਨੂੰ ਮੱਟੂ, ਮੇਕਅਪ ਸੋਮਿਲ ਰਤਨ , ਡਰੋਨ ਕਵਰੇਜ ਸਤਵਿੰਦਰ ਵੀਰ ਦੀ ਟੀਮ ਵਲੋਂ ਬਹੁਤ ਮਿਹਨਤ ਨਾਲ ਇਸ ਸ਼ਬਦ ਨੂੰ ਸਰੋਤਿਆਂ ਦੀ ਕਚਹਿਰੀ ਵਿੱਚ ਪੇਸ਼ ਕਰਨ ਲਈ ਦਿਨ ਰਾਤ ਮਿਹਨਤ ਕਰਕੇ ਤਿਆਰ ਕੀਤਾ ਹੈ । ਬੰਸੀ ਬਰਨਾਲਾ ਨੇ ਕਿਹਾ ਕਿ ਉਨਾ ਵਲੋਂ ਪਹਿਲਾ ਵੀ ਧਾਰਮਿਕ, ਪੰਜਾਬੀ ਤੇ ਸਭਿਆਚਾਰਕ ਗੀਤਾ ਨੂੰ ਸਰੋਤਿਆਂ ਵਲੋਂ ਖੂਬ ਪਿਆਰ ਦਿੱਤਾ ਗਿਆ । ਇਸ ਸ਼ਬਦ ਨੂੰ ਵੀ ਭਰਵਾ ਹੁੰਗਾਰਾ ਮਿਲੇਗਾ ।

# ਪੰਜਾਬ ਪੰਚਾਇਤ ਚੋਣਾਂ 'ਚ ਆਮ ਆਦਮੀ ਪਾਰਟੀ ਵੱਡੀ ਜਿੱਤ ਹਾਸਲ ਕਰੇਗੀ - ਸੁੱਖਦੀਪ ਸਿੰਘ ਅੱਪਰਾ



**ਫਿਲੌਰ/ਅੱਪਰਾ ਦਸੰਬਰ (ਦੀਪਾ)** ਪੰਜਾਬ ਵਿੱਚ ਹੋਣ ਵਾਲੀਆਂ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸਮਿਤੀਆਂ ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਬਹੁਤ ਵੱਡੀ ਗਿਣਤੀ ਵਿੱਚ ਜਿੱਤ ਹਾਸਲ ਕਰਨਗੇ ਅਤੇ ਰਾਜ ਵਿੱਚ ਆਪਣੀ ਮਜ਼ਬੂਤ ਸਥਿਤੀ ਇੱਕ ਵਾਰ ਫਿਰ ਸਾਬਤ ਕਰਨਗੇ। ਇਹ ਭਰੋਸਾ ਆਮ ਆਦਮੀ ਪਾਰਟੀ ਦੇ ਫਿਲੌਰ ਤੋਂ ਚੇਅਰਮੈਨ ਸੁਖਦੀਪ ਅੱਪਰਾ ਨੇ ਜਤਾਇਆ ਹੈ। ਉਹਨਾਂ ਕਿਹਾ ਕੇ ਫਿਲੌਰ ਚ ਹਲਕਾ ਇੰਚਾਰਜ ਪ੍ਰਿੰਸੀਪਲ ਸ੍ਰੀ ਪ੍ਰੇਮ ਕੁਮਾਰ ਜੀ ਦੇ ਦਿਸ਼ਾ ਨਿਰਦੇਸ਼ ਨਾਲ ਅਸੀਂ ਸਾਰੀਆਂ ਚੋਣਾਂ ਤੇ ਵੱਡੀ ਜਿੱਤ ਹਾਸਿਲ ਕਰਾਂਗੇ।

ਗੱਲਬਾਤ ਦੌਰਾਨ ਸੁਖਦੀਪ ਅੱਪਰਾ ਨੇ ਕਿਹਾ ਕਿ ਪੰਜਾਬ ਦੀ ਜਨਤਾ ਭਗਵੰਤ ਮਾਨ ਸਰਕਾਰ ਦੀਆਂ ਜਨਹਿਤੈਸ਼ੀ ਨੀਤੀਆਂ ਅਤੇ ਪਾਰਦਰਸ਼ੀ ਪ੍ਰਸ਼ਾਸਨ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹੈ। ਸਿੱਖਿਆ, ਸਿਹਤ, ਬਿਜਲੀ, ਪਾਣੀ ਅਤੇ ਭ੍ਰਿਸ਼ਟਾਚਾਰ ਵਿਰੋਧੀ ਸਖ਼ਤ ਕਾਰਵਾਈਆਂ ਕਾਰਨ ਲੋਕਾਂ ਦਾ ਰੁਝਾਨ ਲਗਾਤਾਰ ਆਮ ਆਦਮੀ ਪਾਰਟੀ ਵੱਲ ਵਧ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਚਾਇਤ ਪੱਧਰ ਤੋਂ ਲੈ ਕੇ ਜ਼ਿਲ੍ਹਾ ਪ੍ਰੀਸ਼ਦ ਤੱਕ ਆਪ ਨੇ ਈਮਾਨਦਾਰ ਅਤੇ ਜ਼ਮੀਨੀ ਪੱਧਰ ਨਾਲ ਜੁੜੇ ਉਮੀਦਵਾਰ ਖੜ੍ਹੇ ਕੀਤੇ ਹਨ, ਜੋ ਲੋਕਾਂ ਦੀਆਂ ਸਮੱਸਿਆਵਾਂ ਸਮਝਦੇ ਹਨ ਅਤੇ ਹੱਲ ਕੱਢਣ ਦੀ ਯੋਗਤਾ ਰੱਖਦੇ ਹਨ। ਇਸੇ ਕਾਰਨ ਪਾਰਟੀ ਨੂੰ ਹਰ ਵਰਗ ਦਾ ਭਰਵਾਂ ਸਮਰਥਨ ਮਿਲ ਰਿਹਾ ਹੈ। ਅੱਪਰਾ ਨੇ ਕਿਹਾ ਲੁਧਿਆਣਾ ਅਤੇ ਤਰਨ ਤਾਰਨ ਵਿੱਚ ਹੋਈਆਂ ਵਿਧਾਨ ਸਭਾ ਜ਼ਿਮਨੀ ਚੋਣਾਂ ਇਸ ਦਾ ਜਿਉਂਦਾ ਜਾਗਦਾ ਸਬੂਤ ਹਨ, ਜਿੱਥੇ ਲੋਕਾਂ ਨੇ ਵੱਡੇ ਫਰਕ ਨਾਲ ਆਪ ਉਮੀਦਵਾਰਾਂ ਨੂੰ ਜਿਤਾਇਆ ਸੀ। ਇਸ ਵਾਰ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸਮਿਤੀ ਚੋਣਾਂ ਵਿੱਚ ਵੀ ਆਮ ਆਦਮੀ ਪਾਰਟੀ ਨਾ ਸਿਰਫ਼ ਬਹੁਮਤ ਹਾਸਲ ਕਰੇਗੀ, ਸਗੋਂ ਇਤਿਹਾਸਕ ਜਿੱਤ ਦਰਜ ਕਰੇਗੀ। ਉਨ੍ਹਾਂ ਪਾਰਟੀ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਪੂਰੀ ਨਿਹਚਾ ਅਤੇ ਈਮਾਨਦਾਰੀ ਨਾਲ ਲੋਕਾਂ ਵਿੱਚ ਜਾ ਕੇ ਸਰਕਾਰ ਦੀਆਂ ਨੀਤੀਆਂ ਅਤੇ ਕੰਮਾਂ ਨੂੰ ਪਹੁੰਚਾਉਣ। ਅੰਤ ਵਿੱਚ ਅੱਪਰਾ ਨੇ ਕਿਹਾ ਕਿ ਪੰਜਾਬ ਦੀ ਜਨਤਾ ਹੁਣ ਬਦਲਾਅ ਚਾਹੁੰਦੀ ਹੈ ਅਤੇ ਜਨਤਾ ਜਾਣਦੀ ਹੈ ਇਹ ਬਦਲਾਅ ਸਿਰਫ਼ ਆਮ ਆਦਮੀ ਪਾਰਟੀ ਹੀ ਲਿਆ ਸਕਦੀ ਹੈ।



# “ਭੀਮ ਤੋਂ ਮਸੀਹਾ ਤੱਕ”



ਦਲਿਤਾਂ,ਮਜਲੂਮਾਂ,ਨਿਆਸਰਿਆਂ ਅਤੇ ਹਰ ਪੱਖੋਂ ਲੁੱਟੇ-ਪੁੱਟੇ ਜਾਂਦੇ ਲੋਕਾਂ ਦੀ ਅਵਾਜ ਵਜੋਂ ਜਾਣੇ ਜਾਂਦੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾਕਟਰ ਭੀਮ ਰਾਓ ਅੰਬੇਡਕਰ ਨੇ ਸਮਾਜਿਕ.ਆਰਥਿਕ,ਧਾਰਮਿਕ,ਰਾਜਨੀਤਕ ਪੱਧਰਾਂ ‘ਤੇ ਅਣਮਨੁੱਖੀ ਭੇਦ ਭਾਵ ਦੇ ਵਿਰੋਧ ਵਿੱਚ ਦਲਿਤ ਪੱਖੀ ਅਵਾਜ ਉਠਾਈ ਕਿਓ ਜੋ ਭਾਰਤੀ ਸਮਾਜ ਵਿੱਚ ਮਨੂਵਾਦੀ ਸਿੱਧਾਤਾਂ ਨੂੰ ਮੰਨਣ ਵਾਲੇ ਕੱਟੜ ਲੋਕ ਹਿੰਦੂਤਵੀ ਰਹੁ ਰੀਤਾਂ ਤਹਿਤ ਨਿਮਨ ਵਰਗਾਂ ਨਾਲ ਕੀਤੇ ਜਾਂਦੇ ਹਰ ਪ੍ਰਕਾਰ ਦੇ ਸ਼ੋਸ਼ਣਾਂ ਨੂੰ ਧਾਰਮਿਕ ਗ੍ਰੰਥਾਂ ਦੀ ਆੜ ਹੇਠਾਂ ਜਾਇਜ ਸਮਝਦੇ ਸਨ।

ਬਾਬਾ ਸਾਹਿਬ ਅਨੁਸਾਰ ਭਾਰਤੀ ਸਮਾਜ ਪੂਰੀ ਤਰ੍ਹਾਂ ਗੈਰ-ਲੋਕਤੰਤਰੀ ਸੀ ਜਿਸ ਵਿੱਚ ਲੋਕਾਂ ਨੂੰ ਜਮਾਤਾਂ ਅਤੇ ਜਾਤਾਂ ਵਿੱਚ ਓਨ੍ਹਾਂ ਦੀਆਂ ਯੋਗਤਾਵਾਂ ,ਬੁੱਧੀ ਜਾਂ ਕੰਮਾਂ ਦੇ ਅਧਾਰ ਤੇ ਨਹੀਂ ਬਲਕਿ ਜਨਮ ਦੇ ਅਧਾਰ ਤੇ ਵੰਡਿਆ ਗਿਆ।ਉਨ੍ਹਾਂ ਦਾ ਮੁਖ ਮਿਸ਼ਨ ਦੱਬੇ ਕੁਚਲੇ ਲੋਕਾਂ ਨੂੰ ਉੱਚ ਸਮਾਜਿਕ,ਰਾਜਿਨੀਤਕ ਪੱਧਰ ਤੇ ਲਿਆਉਣਾ ਸੀ ਤਾਂ ਜੋਕਿ ਉਨ੍ਹਾਂ ਦੇ ਮੱਥੇ ਤੇ ਲੱਗਿਆ ਅਛੂਤਾਂ ਵਾਲਾ ਕਲੰਕ ਧੋਇਆ ਜਾ ਸਕੇ।ਉਹ ਦਲਿਤਾਂ ਨੂੰ ਹਿੰਦੂਆਂ ਦੇ ਬਰਾਰਬਰ ਸਮਾਨਤਾ ਦਿਵਾਉਣ ਦਾ ਹਾਮੀ ਸੀ।ਭਾਵੇਂ ਕਿ ਅੰਬੇਡਕਰ ਨੂੰ ਇਹ ਅਹਿਸਾਸ ਸੀ ਕਿ ਅਜਿਹਾ ਮਿਸ਼ਨ ਪੂਰਾ ਕਰਨਾ ਅਤੀ ਕਠਿਨ ਸੀ।ਪਰ ਫਿਰ ਵੀ ਆਪ ਨੇ ਹਿੰਦੂ ਸਮਾਜ ਵਿੱਚ ਪ੍ਰਬਲ ਜਾਤੀਵਾਦ ਦੇ ਬੀਜ ਦਾ ਨਾਸ਼ ਕਰਨ ਦਾ ਤਹੱਈਆ ਕੀਤਾ।ਉਸਨੇ ਸਮਾਜ ਵਿੱਚ ਪ੍ਰਬਲ ਜਾਤੀਵਾਦ ਅਤੇ ਇਸਦੇ ਭਿਆਨਕ ਸਿੱਟਿਆ ਉੱਪਰ ਆਪਣੀਆਂ ਕਿਤਾਬਾਂ ਦੀ ਰੌਸ਼ਨੀ ਨਾਲ ਦੱਬੇ ਕੁਚਲੇ ਅਛੂਤਾਂ ਵਿੱਚ ਨਵੀਂ ਰੂਹ ਭਰੀ ਅਤੇ ਉਨ੍ਹਾਂ ਨੂੰ ਗੁਲਾਮੀ ਦਾ ਅਹਿਸਾਸ ਹੀ ਨਾ ਕਰਵਾਇਆ ਸਗੋਂ ਆਪਣੇ ਹੱਕਾਂ ਵਾਸਤੇ ਲਾਮਬੰਦ ਕਰਨਾ ਆਰੰਭਿਆ।ਅਛੂਤਾਂ ਵਿੱਚ ਸਵੈਮਾਣ ਦੀ ਮੂਵਮੈਂਟ ਚਲਾਈ ਤਾਂ ਉਂਨ੍ਹਾਂ ਵਿੱਚ ਏਕੇ ਦੀ ਭਾਵਨਾ ਅਤੇ ਵੋਟ ਦੀ ਸ਼ਕਤੀ ਦਾ ਅਹਿਸਾਸ ਅੰਗੜਾਈ ਭਰਨ ਲੱਗਾ।ਆਪਣੇ ਹੱਕਾਂ ਦੀ ਪ੍ਰਾਪਤੀ ਵਾਸਤੇ ਆਪ ਨੇ “ਪੜ੍ਹੋ,ਜੁੜੋ.ਸ਼ੰਘਰਸ਼ ਕਰੋ”ਦੇ ਮਾਟੋ ਰਾਹੀਂ ਮਾਨਸਿਕ ਗੁਲਾਮੀ ਦੀਆਂ ਜੰਜੀਰਾਂ ਤੋੜਨ ਦਾ ਸੁਨੇਹਾ ਦਿੱਤਾ।

ਸ਼ਮਾਜ ਸੁਧਾਰ ਦੇ ਕੰਮਾਂ ਤਹਿਤ ਆਪਨੇ ਸ਼ੋਸਿਤ ਲੋਕਾਂ ਵਿੱਚ ਚੇਤਨਾ ਪੈਦਾ ਕਰਨ ਦੇ ਮਨੋਰਥ ਨਾਲ ਉਨ੍ਹਾਂ ਵਾਸਤੇ ਸਕੂਲ,ਹੋਸਟਲ,ਲਾਇਬਰ੍ਰੇਰੀਆਂ,ਸ਼ਟੇਸ਼ਨਰੀ ਦੀਆਂ ਸਹੂਲਤਾਂ ਪੈਦਾ ਕਰਨ ਤੇ ਜੋਰ ਦਿੱਤਾ।ਡਾਕਟਰ ਅੰਬੇਡਕਰ ਨੇ ਖੁਦ ਕਈ ਸਕੂਲ ਖੁਲਵਾਏ ਅਤੇ ਚੌਤਰਫਾ ਗੁਲਾਮੀ ਭੋਗ ਰਹੇ ਅਛੂਤਾਂ ਨੂੰ ਆਪਣੇ ਮਨਾਂ ਵਿੱਚੋਂ ਅਛੂਤ ਹੋਣ ਦਾ ਡਰ ਖਤਮ ਕਰਕੇ ਅੰਤਰ ਜਾਤੀ ਸਮਾਰੋਹਾਂ ਵਿੱਚ ਸ਼ਾਮਿਲ ਹੋਣ,ਅੰਤਰ ਜਾਤੀ ਵਿਆਹਾ ਦਾ ਸਮਰਥਨ ਕਰਨ ਦੀ ਗੱਲ ਆਖੀ ਕਿਓ ਜੋ ਅਜਿਹੇ ਵਰਤਾਰੇ ਨਾਲ ਹੀ ਸਮਾਜਿਕ ਵਿਵਸਥਾ ਪਰਿਵਰਤਣ ਸੰਭਵ ਹੋ ਸਕਦਾ ਹੈ।ਇਸਤੋਂ ਇਲਾਵਾ ਡਾਕਟਰ ਅੰਬਡੇਕਰ ਨੇ ਦਲਿਤ ਲੋਕਾਂ ਨੂੰ ਸੱਤਿਆਗ੍ਰਹਿ ਕਰਨ ਵਾਸਤੇ ਪ੍ਰੇਰਿਤ ਕੀਤਾ ਅਤੇ ਕਈ ਸਾਂਝੀਆਂ ਮਨਾਹੀ ਵਾਲੀਆਂ ਥਾਵਾਂ ਬਿਨ੍ਹਾਂ ਕਿਸੇ ਭੇਦ ਭਾਵ ਤੋਂ ਸਭਨਾਂ ਵਾਸਤੇ ਖੋਲਣ ਦੀ ਪੁਰਜੋਰ ਵਕਾਲਤ ਕੀਤੀ।ਦੂਜੇ ਸ਼ਬਦਾਂ ਵਿੱਚ ਡਾਕਟਰ ਅੰਬੇਡਕਰ ਨੇ ਦਲਿਤ ਲੋਕਾਂ ਦੇ ਜੀਵਨ,ਸੋਝੀ ਅਤੇ ਵਿਵਹਾਰ ਵਿੱਚ ਕਾਫੀ ਤਬਦੀਲੀ ਲਿਆਂਦੀਆਪ ਨੇ ਆਪਣੇ ਸਮਾਜ ਸੁਧਾਰਕ ਯਤਨਾਂ ਰਾਹੀਂ ਹਿੰਦੂ ਸਮਾਜ ਦੀ ਅੰਤਰ ਆਤਮਾ ਨੂ ਝੰਜੋੜਨ ਦਾ ਕੰਮ ਕਰਦਿਆ ਨਿਮਨ ਵਰਗਾਂ ਉੱਪਰ ਹੁੰਦੇ ਅੌਜਹੇ ਅੱਤਿਆਚਾਰਾਂ ਨੂੰ ਭਾਰਤੀ ਸਮਾਜ ਦੇ ਮੱਥੇ ;ਤੇ ਇੱਕ ਕਲੰਕ ਗਰਦਾਨਿਆ।

ਅੰਬੇਡਕਰ ਇਸ ਗੱਲ ਤੋਂ ਭਲੀ ਭਾਂਤ ਵਾਕਿਫ ਸੀ ਕਿ ਦਲਿਤ ਸਮਾਜ ਦੇ ਲੋਕਾਂ ਵਿੱਚ ਚੇਤਨਾ ਪੈਦਾ ਕਰਨਾ ਇੱਕ ਲੰਬੇ ਸਮੇਂ ਦਾ ਕਾਰਜ ਹੈ । ਜਦੋਂ ਤੱਕ ਭਾਤਤੀ ਹਿੰਦੂਤਵੀ ਸਮਾਜ ਵਿੱਚ ਪ੍ਰਚੱਲਿਤ ਮਨੂਵਾਦੀ ਰਹੁ ਰੀਤਾਂ ਖਤਮ ਨਹੀਂ ਹੋ ਜਾਂਦੀਆਂ ਤਦ ਤੱਕ ਹਜੂਮ ਦੀ ਮਾਨਸਿਕਤਾ ਵਿੱਚ ਬਦਲਾਅ ਲਿਆਉਣਾ ਅਸੰਭਵ ਹੈ।ਇੰਨ੍ਹਾਂ ਧਾਰਮਿਕ ਤੇ ਸਮਾਜਿਕ ਕੁਰੀਤੀਆਂ ਦੇ ਵਿਰੋਧ ਅਤੇ ਰੋਸ ਵਜੋਂ ਭੀਮ ਰਾਓ ਅੰਬੇਡਕਰ ਨੇ ਬੁੱਧ ਧਰਮ ਦੀ ਸ਼ਰਨ ਲਈ ਅਤੇ ਆਪਣੇ ਸਮਾਜ ਨੂੰ ਸਦੀਆਂ ਤੋਂ ਹੋ ਰਹੀ ਚੌਰਤਰਫਾ ਗੈਰ ਬਰਾਬਰੀ ਖਿਲਾਫ ਪ੍ਰਚਮ ਲਹਿਰਾਉਣ ਦੇ ਅਹਿਦ ਕਰਨ ਦਾ ਸੰਕਲਪ ਦਿੱਤਾ।ਨਿਰਸੰਦੇਹ ਡਾਕਟਰ ਭੀਮ ਰਾਓ ਅੰਬੇਡਕਰ ਇੱਕ ਉੱਘੇ ਸਮਾਜ ਸੁਧਾਰਕ ਸਨ ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਦਲਿਤ ਚੇਤਨਾ ਲਹਿਰ ਉਸਾਰਨ ਉੱਪਰ ਲਗਾਇਆ ਇਸੇ ਲਈ ਧਰਤ ਲੋਕ ਤੇ ਜਨਮਿਆ ਡਾ.ਭੀਮ ਰਾਓ ਅੰਬੇਡਕਰ ਨੂੰ ਸੰਸਾਰ ਭਰ ਵਿੱਚ “ਮਸੀਹਾ”ਦੇ ਨਾਮ ਨਾਲ ਜਾਣਿਆ ਜਾਂਦਾ ਹੈ।



**ਮਾ: ਹਰਭਿੰਦਰ ਸਿੰਘ “ਮੁੱਲਾਂਪੁਰ”**
**ਸੰਪਰਕ:94646-01001**

## ਪ੍ਰੀ-ਨਿਰਵਾਣ ਦਿਵਸ ਮੌਕੇ ਸੰਵਿਧਾਨ ਬਚਾਉਣ ਦਾ ਪ੍ਰਣ ਲਿਆ ਜਾਵੇਗਾ : ਢੋਸੀਵਾਲ

**ਸ੍ਰੀ ਮੁਕਤਸਰ ਸਾਹਿਬ ( ਸ਼ਿਵਨਾਥ ਦਰਦੀ )** ਸਮਾਜ ਦੇ ਭਲੇ ਅਤੇ ਵਿਕਾਸ ਨੂੰ ਸਮਰਪਿਤ ਪ੍ਰਮੁੱਖ ਵਰਕਿੰਗ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਵੱਲੋਂ ਡਾ. ਅੰਬੇਡਕਰ ਪ੍ਰੀ-ਨਿਰਵਾਣ ਦਿਵਸ ਮੌਕੇ ਵਿਸ਼ੇਸ਼ ਮੀਟਿੰਗ ਆਯੋਜਿਤ ਕੀਤੀ ਜਾਵੇਗੀ। ਇਹ ਮੀਟਿੰਗ ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਕੋਲ ਆਉਂਦੀ 06 ਦਸੰਬਰ ਸ਼ਨੀਵਾਰ ਨੂੰ ਸਵੇਰੇ 11:00 ਵਜੇ ਹੋਵੇਗੀ। ਮੀਟਿੰਗ ਦੀ ਪ੍ਰਧਾਨਗੀ ਮਿਸ਼ਨ ਮੁਖੀ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਕਰਨਗੇ। ਇਸ ਮੌਕੇ ਮਿਸ਼ਨ ਦੇ ਸਮੂਹ ਅਹੁਦੇਦਾਰ ਅਤੇ ਮੈਂਬਰ ਭਾਗ ਲੈਣਗੇ। ਇਹ ਜਾਣਕਾਰੀ ਅੱਜ ਇਥੇ ਪ੍ਰਧਾਨ ਢੋਸੀਵਾਲ ਨੇ ਦਿੱਤੀ ਹੈ। ਪ੍ਰਧਾਨ ਢੋਸੀਵਾਲ ਨੇ ਅੱਗੇ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਹੈ ਕਿ ਪ੍ਰੀ-ਨਿਰਵਾਣ ਦਿਵਸ ਸਬੰਧੀ ਆਯੋਜਿਤ ਕੀਤੀ ਜਾਣ ਵਾਲੀ ਉਕਤ ਮੀਟਿੰਗ ਵਿੱਚ ਭਾਰਤੀ ਸੰਵਿਧਾਨ ਨੂੰ ਬਚਾਉਣ ਅਤੇ ਸਹੀ ਢੰਗ ਨਾਲ ਲਾਗੂ ਕਰਵਾਉਣ ਲਈ ਮੀਟਿੰਗ ’ਚ ਮੌਜੂਦ ਮੈਂਬਰਾਂ ਵੱਲੋਂ ਪ੍ਰਣ ਲਿਆ ਜਾਵੇਗਾ। ਪ੍ਰੀ-ਨਿਰਵਾਣ ਦਿਵਸ ਮੀਟਿੰਗ ਮੌਕੇ ਡਾ. ਅੰਬੇਡਕਰ ਨੂੰ ਸ਼ਰਧਾਂਜਲੀ ਭੇਂਟ ਕੀਤੀ ਜਾਵੇਗੀ।

# ਮੈਡਮ ਸੁਖਵਿੰਦਰ ਕੌਰ ਨੇ ਪੱਛਮੀ ਬੰਗਾਲ (ਦੁਰਗਾ ਪੁਰ) ਵਿਖੇ 3 ਗੋਲਡ ਮੈਡਲ ਅਤੇ, ਮਾਸਟਰਜ਼ ਅਥਲੈਟਿਕਸ ਚੈਂਪੀਅਨਸ਼ਿਪ ਚੰਡੀਗੜ੍ਹ ਤੋਂ 2 ਗੋਲਡ ਮੈਡਲ ਜਿੱਤੇ

**ਜਲੰਧਰ (ਹਰਜਿੰਦਰ ਸਿੰਘ ਚੰਦੀ)–** ਇੰਟਰਨੈਸ਼ਨਲ ਮਾਸਟਰ ਗੇਮਜ਼–2025 ਪੱਛਮੀ ਬੰਗਾਲ (ਮਿਤੀ 21ਤੋਂ 23 ਨਵੰਬਰ) ਵਿਚ ਮੈਡਮ ਸੁਖਵਿੰਦਰ ਕੌਰ ਨੇ, ਲੌਂਗ ਜੰਪ, ਟਰਿਪਲ ਜੰਪ, ਤੇ 100 ਮੀਟਰ ਹਰਡਲ ਰੇਸ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਤਿੰਨ ਗੋਲਡ ਮੈਡਲ ਜਿੱਤੇ।




30 ਨਵੰਬਰ 2025 ਨੂੰ ਮਾਸਟਰਜ਼ ਅਥਲੈਟਿਕਸ ਚੈਂਪੀਅਨਸ਼ਿਪ ਚੰਡੀਗੜ੍ਹ ਵਿਖੇ , ਲੌਂਗ ਜੰਪ ਤੇ ਟਰਿਪਲ ਜੰਪ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ,2 ਗੋਲਡ ਮੈਡਲ ਜਿੱਤੇ। ਪਹਿਲਾ ਵੀ ਨੈਸ਼ਨਲ ਤੇ ਇੰਟਰਨੈਸ਼ਨਲ ਖੇਡ ਕੇ ਕਈ ਮੈਡਲ ਜਿੱਤ ਚੁੱਕੇ ਹਨ। ਇਨ੍ਹਾਂ ਨੇ ਆਪਣੇ ਮਾਤਾ ਪਿਤਾ, ਇਲਾਕੇ, ਪੰਜਾਬ ਤੇ ਭਾਰਤ ਦਾ ਨਾਮ ਰੌਸ਼ਨ ਕੀਤਾ। ਇਨ੍ਹਾਂ ਨੂੰ ਸ਼੍ਰੀ ਵਿਕਾਸ਼ ਜੀ ਟਾਟਾ ਏ .ਆਈ.ਏ.ਲਾਈਫ਼ ਤੇ ਸਟਾਫ਼ ਵੱਲੋਂ ਦੁਰਗਾ ਪੁਰ ਵਿੱਚ ਸਨਮਾਨਿਤ ਕੀਤਾ ਗਿਆ।ਸਭ ਨੇ ਵਧਾਈਆਂ ਦੇ ਨਾਲ ਨਾਲ ਭਵਿੱਖ ਲਈ ਸ਼ੁਭ ਇੱਛਾਵਾਂ ਵੀ ਦਿੱਤੀਆਂ।

ਜੈ ਭੀਮ ਜੈ ਭਾਰਤ



ਬਹੁਜਨ ਸਮਾਜ ਪਾਰਟੀ ਫ਼ਿਰੋਜ਼ਪੁਰ
ਵੱਲੋਂ:-
ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਪ੍ਰੀ–ਨਿਰਵਾਣ ਦਿਵਸ ਨੂੰ ਸਮਰਪਿਤ ਇਸਤਰੀ ਚੇਤਨਾ ਸੰਮੇਲਨ ਮੌਕੇ ਪਹੁੰਚਣ ਲਈ ਆਪ ਜੀ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ।
ਮਿਤੀ 06.12.2025, ਸਮਾਂ 11.30 ਸਵੇਰੇ
ਸਥਾਨ :- ਸਰਕਟ ਹਾਊਸ, ਮੋਗਾ ਰੋਡ, ਫ਼ਿਰੋਜ਼ਪੁਰ

ਮੁੱਖ ਮਹਿਮਾਨ
ਬੀਬੀ ਹਰਜਿੰਦਰ ਕੌਰ ਕਰੀਮਪੁਰੀ
ਸੀਨੀਅਰ ਇਸਤਰੀ ਆਗੂ, ਬਸਪਾ ਪੰਜਾਬ

ਮੁੱਖ ਬੁਲਾਰਾ
ਪ੍ਰਿੰਸੀਪਲ ਚੰਚਲ ਬੋਧ
M.A. (Eng., History, Pbi., Adm., M.ed)

ਵਿਸ਼ੇਸ਼ ਮਹਿਮਾਨ
ਸ: ਲਾਲ ਸਿੰਘ ਸੁਲਹਾਣੀ
ਜਨਰਲ ਸਕੱਤਰ ਬਸਪਾ, ਪੰਜਾਬ
ਸ਼੍ਰੀ ਓਮ ਪ੍ਰਕਾਸ਼ ਸਰੋਏ
ਜਨਰਲ ਸਕੱਤਰ ਬਸਪਾ, ਪੰਜਾਬ

ਪ੍ਰਧਾਨਗੀ:- ਸ਼੍ਰੀਮਤੀ ਸੁਨੀਤਾ ਸਹੋਤਾ (ਕਨਵੀਨਰ ਇਸਤਰੀ ਵਿੰਗ, ਬਸਪਾ ਜ਼ਿਲ੍ਹਾ ਫ਼ਿਰੋਜ਼ਪੁਰ)

ਵੱਲੋਂ
ਅਸ਼ੋਕ ਕਪਤਾਨ
ਜ਼ਿਲ੍ਹਾ ਪ੍ਰਧਾਨ ਬਸਪਾ, ਫ਼ਿਰੋਜ਼ਪੁਰ
ਸੁਖਦੇਵ ਸਿੰਘ ਭੱਟੀ
ਜ਼ਿਲ੍ਹਾ ਜਨਰਲ ਸਕੱਤਰ ਬਸਪਾ, ਫ਼ਿਰੋਜ਼ਪੁਰ

ਪ੍ਰਬੰਧਕ
ਜ਼ਿਲ੍ਹਾ ਕਨਵੀਨਰ :– ਐਡਵੋਕੇਟ ਐਮ.ਐਸ. ਖੋਖਰ, ਕੁਲਦੀਪ ਸਿੰਘ ਬਰਾੜ, ਤਾਰਾ ਸਿੰਘ ਮਾਰਸ਼ਲ

ਸਵਾਗਤੀ ਕਮੇਟੀ
ਹਰਬੰਸ ਸਿੰਘ ਸਾਂਦੇ, ਬੂਟਾ ਸਿੰਘ ਵਾਹਗੇ ਵਾਲਾ, ਪ੍ਰੇਮ ਭਾਰਤੀ, ਯੂਨਿਸ ਭੱਟੀ, ਹਦਾਇਤ ਵਾਲਮੀਕਿ, ਸਰਵਣ ਸਿੰਘ ਪੀਰਾਂ ਵਾਲਾ, ਡਾ. ਬਲਵਿੰਦਰ ਸਿੰਘ ਕੋਟ ਕਰੋੜ, ਮਲਕੀਅਤ ਸਿੰਘ ਚੌਹਾਨ

ਸੰਪਰਕ:- 70093-04224, 94637-83375
84373-92428, 98144-41121, 94651-87027

# "ਮੇਰੇ ਕਾਫਲੇ ਨੂੰ ਪਿੱਛੇ ਨਾ ਜਾਣ ਦਿਓ " ਡਾ. ਅੰਬੇਡਕਰ ਜੀ




ਉਪਰੋਤਕ ਵਿਚਾਰ ਭਾਰਤੀ ਸੰਵਿਧਾਨ ਦੇ ਨਿਰਮਾਤਾ, ਦਲਿਤਾਂ ਦੇ ਮਸੀਹਾ, ਨਾਰੀ ਜਾਤੀ ਦੇ ਮੁਕਤੀ ਦਾਤਾ, ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦੇ ਹਨ, ਜਿਨਾਂ ਦਾ ਪ੍ਰੀਨਿਰਵਾਣ ਦਿਵਸ ਪੂਰਾ ਵਿਸ਼ਵ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾ ਰਿਹਾ ਹੈ। ਬਾਬਾ ਸਾਹਿਬ ਜੀ ਇੱਕ ਬਹੁਤ ਵੱਡੇ ਦਲਿਤ ਚਿੰਤਕ ਤੇ ਵਿਦਵਾਨ ਸਨ। ਭਵਿੱਖ ਵਿੱਚ ਬਹੁਜਨਾਂ ਦੀ ਚਿੰਤਾ ਕਰਦਿਆ ਉਹਨਾਂ ਕਿਹਾ ਸੀ ਕਿ"ਮੇਰੇ ਸਮਾਜ ਦੇ ਲੋਕੋ, ਮੈਂ ਇਹ ਕਾਫ਼ਲਾ ਬੜੀਆਂ ਦੁੱਖਾਂ, ਤਕਲੀਫਾਂ , ਕਠਿਨਾਈਆਂ ਅਤੇ ਸੰਘਰਸ਼ਾਂ ਨਾਲ ਇੱਥੇ ਤੱਕ ਲੈ ਕੇ ਆਇਆ ਹਾਂ। ਜੇ ਮੇਰੇ ਸ਼ਰਧਾਲੂ ਇਸ ਕਾਫ਼ਲੇ ਨੂੰ ਅੱਗੇ ਨਹੀਂ ਵਧਾ ਸਕਦੇ ਤਾਂ ਇਸ ਨੂੰ ਪਿੱਛੇ ਵੀ ਨਾ ਜਾਣ ਦਿੱਤਾ ਜਾਵੇ।" ਹੁਣ ਤੁਹਾਨੂੰ ਸੋਚਣਾ ਪੈਣਾ ਹੈ। ਸਾਨੂੰ ਆਪਣੇ ਲਾਲਚਾਂ, ਸਵਾਰਥਾਂ, ਐਸ਼ੋ ਆਰਮ ਨੂੰ ਤਿਆਗ ਕੇ ਬਹੁਜਨ ਮੂਵਮੈਂਟ ਨੂੰ ਮਜਬੂਤ ਬਣਾਉਣਾ ਹੋਵੇਗਾ। ਇਥੋਂ ਤੱਕ ਸਾਨੂੰ ਛੋਟੇ -ਛੋਟੇ ਸੰਗਠਨਾਂ ਤੋਂ ਨਿਜ਼ਾਤ ਪਾ ਕੇ ਇਕ ਵੱਡੇ ਬਹੁਜਨ ਸੰਗਠਨ ਨਾਲ ਜੁੜਨਾ ਹੋਵੇਗਾ। ਤਾਂ ਹੀ ਅਸੀਂ ਆਪਣੀ ਵਿਗੜੀ ਨੂੰ ਸਵਾਰ ਸਕਦੇ ਹਾਂ। ਆਪਸੀ ਏਕਾ ਹੀ ਤੁਹਾਡੀ ਮਜਬੂਤੀ ਹੈ ਨਹੀਂ ਤਾਂ ਇਹ ਮਾੜੀ ਤੇ ਘਟੀਆ ਸੋਚ ਦੀ ਮਾਨਸਿਕਤਾ ਵਾਲੇ ਲੋਕ ਤੁਹਾਡਾ ਜੀਣਾ ਦੂਰਭਰ ਕਰ ਦੇਣਗੇ। ਤੁਹ-ਾਡੇ ਕੋਲੋਂ ਰਿਜ਼ਰਵੇਸ਼ਨ ਖੋਹ ਕੇ ਨਿੱਜੀਕਰਨ ਕੀਤਾ ਜਾ ਰਿਹਾ ਹੈ, ਜਿਸ ਕਰਕੇ ਤੁਹਾਡਾ, ਤੁਹਾਡੇ ਬੱਚਿਆਂ ਦਾ ਭਵਿੱਖ ਖਤਰੇ ਵੱਲ ਵੱਧ ਰਿਹਾ ਹੈ। ਸਰਕਾਰੀ ਅਦਾਰੇ ਪ੍ਰਾਈਵੇਟ ਹੱਥਾਂ ਵਿੱਚ ਵੇਚੇ ਜਾ ਰਹੇ ਹਨ, ਠੇਕੇਦਾਰੀ ਸਿਸਟਮ ਕੀਤਾ ਜਾ ਰਿਹਾ ਹੈ। ਜਿਸ ਨਾਲ ਰਿਜਰਵੇਸ਼ਨ ਬੰਦ ਹੋ ਜਾਵੇਗੀ। ਕਿਉਂਕਿ ਠੇਕੇਦਾਰ ਆਪਣੀ ਮਰਜ਼ੀ ਨਾਲ ਤੁਹਾਨੂੰ ਜੋਬ ਤੇ ਘੱਟ ਤਨਖਾਹ ਤੇ ਰੱਖੇਗਾ, ਜਿਸ ਨਾਲ ਤੁਹਾਡਾ ਤੇ ਤੁਹਾਡੇ ਪਰਿਵਾਰ ਦਾ ਗੁਜ਼ਾਰਾ ਨਹੀਂ ਹੋਵੇਗਾ। ਇਸ ਲਈ ਅੱਜ ਹੀ ਆਪਣੇ ਸੰਗਠਨ ਨੂੰ ਮਜਬੂਤ ਕਰਨ ਲਈ ਜਿੰਦ ਜਾਨ ਲਾ ਦਿਓ।ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਨੇ ਕਿਹਾ ਕਿ ਸਾਨੂੰ ਇੱਜਤ ਤੇ ਅਣਖ ਨਾਲ ਜੀਣ ਲਈ ਮਹਾਨ ਕੰਮ ਕਰਨੇ ਚਾਹੀਦੇ ਹਨ। ਜਿਵੇਂ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਸਿੱਖਿਆ ਗ੍ਰਹਿਣ ਕਰਵਾਉਣੀ ਚਾਹੀਦੀ ਹੈ, ਕਿਉਂਕਿ ਇੱਕ ਸਿੱਖਿਅਤ ਵਿਅਕਤੀ ਹੀ ਉੱਚ ਅਹੁਦਿਆਂ 'ਤੇ ਪਹੁੰਚ ਕੇ ਡਾਕਟਰ, ਇੰਜੀਨੀਅਰ, ਪ੍ਰਿੰਸੀਪਲ, ਅਧਿਆਪਕ ਬਣ ਸਕੇਗਾ। ਦੂਸਰਾ ਸਿੱਖਿਅਤ ਮਨੁੱਖ ਨੂੰ ਚੰਗੇ ਮਾੜੇ ਦੀ ਪਛਾਣ ਹੋਵੇਗੀ। ਫਿਰ ਉਹ ਸੁਚੇਤ ਹੋ ਕੇ ਜੁੜਨ ਦਾ ਵਸੀਲਾ ਕਰਨਗੇ। ਜੇਕਰ ਉਨਾਂ ਦੇ ਹੱਕਾਂ 'ਤੇ ਕੋਈ ਦੂਸਰਾ ਡਾਕਾ ਮਾਰਦਾ ਹੈ ਤਾਂ ਉਹ ਇਕੱਠੇ ਹੋ ਕੇ ਸੰਘਰਸ਼ ਕਰਕੇ ਆਪਣੇ ਹੱਕਾਂ ਨੂੰ ਪ੍ਰਾਪਤ ਕਰ ਸਕਣਗੇ। ਅਜਿਹਾ ਹੀ ਮੂਲ ਮੰਤਰ ਬਾਬਾ ਸਾਹਿਬ ਜੀ ਨੇ ਸਾਨੂੰ ਦਿੱਤਾ "ਪੜ੍ਹੋ ,ਜੁੜੋ ਤੇ ਸੰਘਰਸ਼ ਕਰੋ " ।

ਸਾਡੇ ਰਹਿਬਰ ਬਾਬਾ ਸਾਹਿਬ ਜੀ ਨੇ ਸੁਨੇਹਾ ਦਿੱਤਾ ਹੈ ਕਿ ਸਾਨੂੰ ਹਮੇਸ਼ਾ ਨਸ਼ਿਆਂ ਤੋਂ ਦੂਰ ਰਹਿਣਾ ਚਾਹੀਦਾ ਹੈ। ਨਸ਼ਿਆਂ ਨਾਲ ਸਾਡੀ ਸਿਹਤ ਅਤੇ ਪੈਸਾ ਬਰਬਾਦ ਹੁੰਦਾ ਹੈ। ਅਸੀਂ ਇੱਕ ਦੇਸ਼ ਦੇ ਚੰਗੇ ਨਾਗਰਿਕ ਬਣ ਕੇ, ਸਮਾਜ ਅਤੇ ਦੇਸ਼ ਨੂੰ ਤਰੱਕੀ ਵੱਲ ਲਿਜਾ ਸਕਦੇ ਹ ਂ । ਬਾਬਾ ਸਾਹਿਬ ਜੀ ਨੇ ਸਾਨੂੰ ਅੱਗੇ ਵੱਧਣ ਲਈ ਅਨੁਸ਼ਾਸਨ 'ਤੇ ਜ਼ੋਰ ਦਿੱਤਾ ਹੈ। ਅਨੁਸ਼ਾਸਨ ਅਨੁਸਾਰ ਹੀ ਮਨੁੱਖ ਉੱਚ ਮੰਜ਼ਿਲਾਂ ਨੂੰ ਸਰ ਕਰ ਸਕਦਾ ਹੈ। ਅਨੁਸ਼ਾਸਨ ਤੋਂ ਬਿਨਾਂ ਸਾਰੇ ਕੰਮ ਅਧੂਰੇ ਹੋ ਜਾਂਦੇ ਹਨ। ਇਸ ਲਈ ਜ਼ਿੰਦਗੀ ਵਿੱਚ ਅਨੁਸ਼ਾਸਨ ਦੀ ਅਹਿਮੀਅਤ ਨੂੰ ਸਮਝਣਾ ਬਹੁਤ ਜਰੂਰੀ ਹੈ। ਅਨੁਸ਼ਾਸਨ ਅਨੁਸਾਰ ਵਿਦਿਆਰਥੀ ਸਕੂਲ ਵਿੱਚੋਂ ਚੰਗੀ ਵਿੱਦਿਆ ਗ੍ਰਹਿਣ ਕਰ ਸਕਦਾ ਹੈ। ਮੁਲਾਜ਼ਮ ਵਰਗ, ਕਿਰਤੀ ਵਰਗ ਅਨੁਸ਼ਾਸਨ ਰਾਹੀ ਜ਼ਿੰਦਗੀ ਵਿੱਚ ਪਰਿਵਰਤਨ ਲਿਆ ਸਕਦਾ ਹੈ। ਬਾਬਾ ਸਾਹਿਬ ਜੀ ਨੇ ਪੜ੍ਹੇ- ਲਿਖੇ, ਬੁੱਧੀਜੀਵੀ ਵਰਗ ਨੂੰ ਆਪਣੇ ਗਰੀਬ ਭਰਾਵਾਂ ਦੀ ਆਰਥਿਕ ਪੱਖੋਂ ਵੀ ਮਦਦ ਕਰਨ ਲਈ ਪ੍ਰੇਰਨਾ ਦਿੱਤੀ ਹੈ ਤਾਂ ਜੋ ਉਹ ਵੀ ਦੂਜਿਆਂ ਬਰਾਬਰ ਖੜੇ ਹੋ ਕੇ ਆਪਣੀ ਚੰਗੀ ਜ਼ਿੰਦਗੀ ਗੁਜ਼ਾਰ ਸਕਣ। ਬਾਬਾ ਸਾਹਿਬ ਜੀ ਨੇ ਨਾਰੀ ਜਾਤੀ ਦੇ ਉਥਾਨ ਲਈ ਸੰਘਰਸ਼ ਕੀਤਾ। ਉਨਾਂ ਨੂੰ ਹਿੰਦੂ ਕੋਡ ਬਿੱਲ ਰਾਹੀਂ ਬਰਾਬਰਤਾ ਦਿੱਤੀ। ਜਿਸ ਨਾਲ ਅੱਜ ਉਹ ਜੱਜ, ਅਧਿਆਪਕ, ਪ੍ਰਧਾਨ ਮੰਤਰੀ, ਰਾਸ਼ਟਰਪਤੀ, ਮੁੱਖ ਮੰਤਰੀ ਦੇ ਅਹੁਦੇ 'ਤੇ ਪਹੁੰਚ ਚੁੱਕੀ ਹੈ। ਸਾਨੂੰ ਆਪਣੇ ਜੀਵਨ ਵਿੱਚ ਮਹਾਨ ਕੰਮ ਕਰਨੇ ਚਾਹੀਦੇ ਹਨ ਤਾਂ ਜੋ ਸਮਾਜ, ਦੇਸ਼ ਅਤੇ ਕੌਮ ਪ੍ਰਫੁੱਲਿਤ ਹੋ ਸਕੇ। ਬਾਬਾ ਸਾਹਿਬ ਭਾਵੇਂ ਸਰੀਰਕ ਤੌਰ 'ਤੇ ਸਾਡੇ ਦਰਮਿਆਨ ਨਹੀਂ ਹਨ। ਉਹਨਾਂ ਦੀਆਂ ਲਿਖਤਾਂ, ਪੁਸਤਕਾਂ , ਵਿਚਾਰਧਾਰਾ ਨੂੰ ਜਨ ਜਨ ਤੱਕ ਪਹੁੰਚਾਈਏ ਤਾਂ ਜੋ ਬਾਬਾ ਸਾਹਿਬ ਜੀ ਦੇ ਕਾਫਲੇ ਨੂੰ ਅੱਗੇ ਵਧਣ ਵਿੱਚ ਮਜਬੂਤੀ ਮਿਲੇ। ਪੂਰੀ ਇਮਾਨਦਾਰੀ, ਲਗਨ, ਏਕਤਾ, ਭਾਈਚਾਰਕ ਸਾਂਝ ਨਾਲ ਨਿੱਜੀ ਸਵਾਰਥਾਂ, ਨਿੱਜੀ ਹਿੱਤਾਂ ਅਤੇ ਲਾਲਚਾਂ ਤੋਂ ਉੱਪਰ ਉੱਠ ਕੇ ਬਾਬਾ ਸਾਹਿਬ ਜੀ ਦੇ ਕਾਫਲੇ ਨੂੰ ਅੱਗੇ ਵਧਾਉਣ ਲਈ ਯਤਨਸ਼ੀਲ ਹੋਈਏ। ਇਹੀ ਬਾਬਾ ਸਾਹਿਬ ਜੀ ਨੂੰ ਸਾਡੀ ਸੱਚੀ ਸ਼ਰਧਾਂਜਲੀ ਹੋਵੇਗੀ। -

**ਪ੍ਰਿੰਸੀਪਲ ਪਰਮਜੀਤ ਜੱਸਲ ਡਾ. ਬੀ. ਆਰ. ਅੰਬੇਡਕਰ ਪਬਲਿਕ ਸਕੂਲ ਬੁਲੰਦਪੁਰ ਜਲੰਧਰ**
**98721 80653**

# ਆਖ਼ਰ ਡਾ. ਭੀਮਰਾਓ ਅੰਬੇਡਕਰ ਦਾ ਮਿਸ਼ਨ ਹੈ ਕੀ?

## ਡਾ. ਅੰਬੇਡਕਰ ਜੀ ਦੇ ਪ੍ਰੀ-ਨਿਰਵਾਣ ਦਿਵਸ 'ਤੇ ਵਿਸ਼ੇਸ਼ ਲੇਖ



ਭਾਰਤ ਦੇ ਇਤਿਹਾਸ ਵਿੱਚ ਡਾ. ਭੀਮਰਾਓ ਅੰਬੇਡਕਰ ਉਹ ਮਹਾਨ ਯੋਧਾ ਸਨ, ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦੱਬੇ-ਕੁਚਲੇ, ਸ਼ੋਸ਼ਿਤ ਅਤੇ ਪਿਛੜੇ ਵਰਗਾਂ ਦੀ ਅਜ਼ਾਦੀ, ਸਮਾਨਤਾ ਅਤੇ ਇੱਜ਼ਤ ਲਈ ਸਮਰਪਿਤ ਕੀਤੀ। ਉਹ ਸਿਰਫ਼ ਇੱਕ ਵਿਦਵਾਨ, ਸੰਵਿਧਾਨ ਰਚਨ-ਹਾਰਾ ਜਾਂ ਕਾਨੂੰਨ ਮੰਤਰੀ ਹੀ ਨਹੀਂ ਸਨ, ਬਲਕਿ ਇੱਕ ਐਸੀ ਮਿਸ਼ਨਰੀ ਸ਼ਖ਼ਸੀਅਤ ਸਨ ਜਿਨ੍ਹਾਂ ਦੀਆਂ ਅੱਖਾਂ ਵਿੱਚ ਭਾਰਤ ਦੇ ਨਵ-ਨਿਰਮਾਣ ਦਾ ਸੁਪਨਾ ਸੀ। ਡਾ. ਅੰਬੇਡਕਰ ਦਾ ਮਿਸ਼ਨ ਬਹੁ-ਨੁਕਾਤੀ ਸੀ। ਆਪਣੇ ਮਿਸ਼ਨ ਨੂੰ ਪੂਰਾ ਕਰਨ ਲਈ ਬਕਾਇਦਾ ਉਨ੍ਹਾਂ ਨੇ ਇੱਕ ਰੋਡ-ਮੈਪ ਤਿਆਰ ਕਰ ਰੱਖਿਆ ਸੀ, ਜਿਸ ਵਿੱਚ ਸਮਾਜਿਕ ਬੇਇਨਸਾਫ਼ੀਆਂ ਦਾ ਅੰਤ, ਜਾਤਪਾਤ ਤੇ ਛੂਆਛੂਤ ਦਾ ਨਾਸ, ਸਿੱਖਿਆ ਦਾ ਪ੍ਰਸਾਰ, ਆਰਥਿਕ ਸਮਾਨਤਾ ਦੀ ਸਥਾਪਨਾ, ਮਹਿਲਾਵਾਂ ਨੂੰ ਅਧਿਕਾਰ, ਲੋਕਤੰਤਰ ਤੇ ਸੰਵਿਧਾਨਕ ਮੁੱਲਾਂ ਦੀ ਰੱਖਿਆ ਆਦਿ ਸ਼ਾਮਿਲ ਸਨ। ਡਾ. ਅੰਬੇਡਕਰ ਦਾ ਸਭ ਤੋਂ ਪਹਿਲਾ ਤੇ ਕੇਂਦਰੀ ਮਿਸ਼ਨ ਜਾਤਪਾਤ ਦੀ ਗ਼ੁਲਾਮੀ ਦਾ ਅੰਤ ਕਰਨਾ ਸੀ। ਉਹ ਸਮਝਦੇ ਸਨ ਕਿ ਜਾਤੀ ਪ੍ਰਥਾ ਨੇ ਭਾਰਤ ਨੂੰ ਹਜ਼ਾਰਾਂ ਸਾਲਾਂ ਤੱਕ ਪਿੱਛੇ ਧੱਕਿਆ ਹੈ। ਉਨ੍ਹਾਂ ਨੇ ਕਿਹਾ ਸੀ ਕਿ ਇੱਕ ਮਨੁੱਖ ਨੂੰ ਦੂਜੇ ਮਨੁੱਖ ਤੋਂ ਨੀਵਾਂ ਮੰਨਿਆ ਜਾਣਾ ਮਨੁੱਖਤਾ ਦੀ ਸਭ ਤੋਂ ਵੱਡੀ ਬੇਇਨਸਾਫ਼ੀ ਹੈ। ਡਾ. ਅੰਬੇਡਕਰ ਦਾ ਮਕਸਦ ਸੀ ਕਿ ਹਰ ਵਿਅਕਤੀ, ਭਾਵੇਂ ਉਹ ਕਿਸੇ ਵੀ ਜਾਤੀ, ਧਰਮ ਜਾਂ ਵਰਗ ਨਾਲ ਸੰਬੰਧਤ ਹੋਵੇ, ਉਸ ਨੂੰ ਬਰਾਬਰੀ ਦਾ ਹੱਕ ਮਿਲੇ। ਉਨ੍ਹਾਂ ਨੇ ਆਰਥਿਕ ਅਜ਼ਾਦੀ ਦਾ ਹੀ ਨਹੀਂ ਸਗੋਂ ਸਮਾਜਿਕ, ਆਰਥਿਕ ਅਤੇ ਨੈਤਿਕ ਤਿੰਨੇ ਪੱਖਾਂ ਤੋਂ ਪੂਰਾ ਸਮਾਜਿਕ ਕ੍ਰਾਂਤੀਕਾਰੀ ਮਾਡਲ ਦਿੱਤਾ।

ਡਾ. ਅੰਬੇਡਕਰ ਨੂੰ ਸੰਤ ਕਬੀਰ ਜੀ ਦੇ ਵਿਚਾਰਾਂ ਤੋਂ ਪ੍ਰੇਰਣਾ ਮਿਲੀ ਸੀ। ਉਨ੍ਹਾਂ ਦਾ ਮਿਸ਼ਨ ਸਿਰਫ਼ ਦਲਿਤਾਂ ਤੱਕ ਸੀਮਿਤ ਨਹੀਂ ਸੀ। ਉਹ ਔਰਤਾਂ ਦੇ ਅਧਿਕਾਰਾਂ, ਮਜ਼ਦੂਰਾਂ ਦੇ ਹੱਕਾਂ ਅਤੇ ਆਰਥਿਕ ਸਮਾਨਤਾ ਲਈ ਵੀ ਲੜੇ। ਉਨ੍ਹਾਂ ਨੇ ਭਾਰਤ ਨੂੰ ਇੱਕ ਲੋਕਤੰਤਰੀ ਗਣਰਾਜ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਅਤੇ ਸੰਵਿਧਾਨ ਵਿੱਚ ਅਜਿਹੀਆਂ ਵਿਵਸਥਾਵਾਂ ਕੀਤੀਆਂ ਜੋ ਸਮਾਜ ਦੇ ਹਰ ਵਰਗ ਨੂੰ ਬਰਾਬਰੀ ਪ੍ਰਦਾਨ ਕਰਦੀਆਂ ਹਨ। ਉਨ੍ਹਾਂ ਦੀ ਜੀਵਨ ਯਾਤਰਾ ਪੜ੍ਹਨ 'ਤੇ ਪਤਾ ਲੱਗਦਾ ਹੈ ਕਿ ਉਨ੍ਹਾਂ ਨੇ ਨਿੱਜੀ ਸੰਘਰਸ਼ਾਂ ਨੂੰ ਰਾਸ਼ਟਰੀ ਲਹਿਰ ਵਿੱਚ ਬਦਲ ਦਿੱਤਾ। ਉਨ੍ਹਾਂ ਦੇ ਮਿਸ਼ਨ ਨੂੰ ਚੰਗੀ ਤਰ੍ਹਾਂ ਸਮਝਣ ਲਈ ਉਨ੍ਹਾਂ ਦੇ ਬਚਪਨ ਤੋਂ ਲੈ ਕੇ ਅੰਤ ਤੱਕ ਦੇ ਸਫ਼ਰ ਦੌਰਾਨ ਵਾਪਰੀਆਂ ਘਟਨਾਵਾਂ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੈ। ਡਾ. ਅੰਬੇਡਕਰ ਦਾ ਬਚਪਨ ਜਾਤੀਵਾਦ ਦੇ ਸਾਏ ਹੇਠ ਬੀਤਿਆ। ਉਨ੍ਹਾਂ ਦੇ ਪਰਿਵਾਰ ਨੂੰ ਅਛੂਤ ਮੰਨਿਆ ਜਾਂਦਾ ਸੀ, ਜਿਸ ਕਾਰਨ ਉਨ੍ਹਾਂ ਨੂੰ ਸਕੂਲ ਵਿੱਚ ਵੱਖਰੇ ਬੈਠਣਾ ਪੈਂਦਾ ਸੀ ਅਤੇ ਅਧਿਆਪਕ ਵੀ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰਦੇ ਸਨ। ਇੱਕ ਵਾਰ ਜਦੋਂ ਉਨ੍ਹਾਂ ਨੂੰ ਪਿਆਸ ਲੱਗੀ ਤਾਂ ਪਿਓਨ (ਚਪੜਾਸੀ) ਦੇ ਸਕੂਲ ਵਿੱਚ ਨਾ ਹੋਣ ਕਾਰਨ ਉਨ੍ਹਾਂ ਨੂੰ ਪਿਆਸੇ ਹੀ ਮਰਨਾ ਪਿਆ। ਵੱਡੇ ਹੋਣ ਉਪਰੰਤ ਇਸ ਘਟਨਾ ਨੂੰ ਉਨ੍ਹਾਂ ਨੇ 'ਨੋ ਪਿਓਨ, ਨੋ ਵਾਟਰ' ਵਜੋਂ ਯਾਦ ਕੀਤਾ। ਜਾਤੀਵਾਦ ਦੇ ਅਜਿਹੇ ਕੌੜੇ ਅਨੁਭਵ ਉਨ੍ਹਾਂ ਨੂੰ ਸਮਾਜ ਵਿੱਚ ਫ਼ੈਲੀ ਵਿਆਪਕ ਅਸਮਾਨਤਾ ਨੂੰ ਸਮਝਣ ਵਿੱਚ ਮੱਦਦ ਕਰਦੇ ਰਹੇ। ਅੰਬੇਡਕਰ ਨੇ ਵਿਦੇਸ਼ੀ ਯੂਨੀਵਰਸਿਟੀਆਂ ਤੋਂ ਉੱਚ ਵਿੱਦਿਆ ਹਾਸਲ ਕੀਤੀ ਤੇ ਆਪਣੇ ਸਮਾਜ ਲਈ ਇੱਕ ਪ੍ਰੇਰਕ ਮਿਸਾਲ ਬਣੇ। ਉਨ੍ਹਾਂ ਨੇ ਆਪਣੇ ਮਿਸ਼ਨ ਨੂੰ ਤਿੰਨ ਸ਼ਬਦਾਂ ਵਿੱਚ ਵਰਣਨ ਕੀਤਾ ; 'ਸਿੱਖਿਆ ਲਵੋ, ਸੰਗਠਿਤ ਹੋਵੋ, ਸੰਘਰਸ਼ ਕਰੋ।' ਇਹ ਵਾਕ ਉਨ੍ਹਾਂ ਦੇ ਮਿਸ਼ਨ ਦਾ ਮੂਲ ਮੰਤਰ ਬਣ ਗਿਆ। ਉਹ ਸਮਝ ਗਏ ਕਿ ਸਿੱਖਿਆ ਹੀ ਅਸਮਾਨਤਾ ਨੂੰ ਖ਼ਤਮ ਕਰਨ ਦਾ ਸਭ ਤੋਂ ਵੱਡਾ ਹਥਿਆਰ ਹੈ। ਉਨ੍ਹਾਂ ਨੇ ਆਪਣੇ ਅਨੁਭਵਾਂ ਨੂੰ ਆਧਾਰ ਬਣਾ ਕੇ ਦਲਿਤਾਂ ਨੂੰ ਸਿੱਖਿਆ ਗ੍ਰਹਿਣ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦੇ ਮਿਸ਼ਨ ਵਿੱਚ ਸਿੱਖਿਆ ਨੂੰ ਪਹਿਲੀ ਪ੍ਰਾਥਮਿਕਤਾ ਦਿੱਤੀ ਗਈ ਕਿਉਂਕਿ ਉਹ ਜਾਣਦੇ ਸਨ ਕਿ ਬਿਨਾਂ ਗਿਆਨ ਦੇ ਸੰਘਰਸ਼ ਅਧੂਰਾ ਰਹਿ ਜਾਂਦਾ ਹੈ। ਉਨ੍ਹਾਂ ਨੇ ਬਹਿਸ਼ਕ੍ਰਿਤ ਹਿਤਕਾਰਨੀ ਸਭਾ ਵਰਗੀਆਂ ਸੰਸਥਾਵਾਂ ਬਣਾਈਆਂ ਜੋ ਦਲਿਤ ਬੱਚਿਆਂ ਨੂੰ ਸਿੱਖਿਆ ਪ੍ਰਦਾਨ ਕਰਦੀਆਂ ਸਨ।ਇਸ ਤੋਂ ਇਲਾਵਾ ਉਨ੍ਹਾਂ ਨੇ ਸਕੂਲ, ਕਾਲਜ ਅਤੇ ਲਾਇਬ੍ਰੇਰੀਆਂ ਦੀ ਸਥਾਪਨਾ ਕਰਵਾਈ। ਇਹ ਪੜਾਅ ਉਨ੍ਹਾਂ ਦੇ ਮਿਸ਼ਨ ਦੀ ਨੀਂਹ ਸੀ, ਜਿੱਥੇ ਉਹ ਨਿੱਜੀ ਅਨੁਭਵਾਂ ਨੂੰ ਸਮਾਜਿਕ ਤਬਦੀਲੀ ਵਿੱਚ ਬਦਲ ਰਹੇ ਸਨ।ਆਪਣੀ ਬੁੱਧੀ ਅਤੇ ਸਿੱਖਿਆ ਬਦੌਲਤ ਡਾ. ਅੰਬੇਡਕਰ ਅਰਥਸ਼ਾਸਤਰੀ ਵਜੋਂ ਵੀ ਪ੍ਰਸਿੱਧ ਹੋਏ। ਉਨ੍ਹਾਂ ਨੇ 'ਦ ਪ੍ਰਾਬਲਮ ਆਫ਼ ਰੁਪਈ' ਵਰਗੀ ਕਿਤਾਬ ਲਿਖੀ ਜੋ ਭਾਰਤੀ ਮੁਦਰਾ ਨੀਤੀ ਤੇ ਅਸਰ ਪਾਉਂਦੀ ਸੀ। ਉਹ 'ਰਿਜ਼ਰਵ ਬੈਂਕ ਆਫ਼ ਇੰਡੀਆ' ਦੇ ਗਠਨ ਵਿੱਚ ਵੀ ਸ਼ਾਮਿਲ ਸਨ। ਇਸ ਤਰ੍ਹਾਂ ਉਨ੍ਹਾਂ ਦਾ ਮਿਸ਼ਨ ਆਰਥਿਕ ਸਮਾਨਤਾ ਨੂੰ ਵੀ ਸ਼ਾਮਿਲ ਕਰਦਾ ਸੀ, ਕਿਉਂਕਿ ਜਾਤੀ ਪ੍ਰਥਾ ਨੇ ਦਲਿਤਾਂ ਨੂੰ ਆਰਥਿਕ ਤੌਰ ਤੇ ਵੀ ਪਿੱਛੇ ਧੱਕਿਆ ਹੋਇਆ ਸੀ। ਉਨ੍ਹਾਂ ਨੇ ਵਿਦੇਸ਼ ਵਿੱਚ ਪੜ੍ਹ ਕੇ, ਵਾਪਸ ਆ ਕੇ, ਸਿੱਖਿਆ ਨੂੰ ਆਪਣੇ ਲੋਕਾਂ ਤੱਕ ਪਹੁੰਚਾਉਣ ਦਾ ਬੀੜਾ ਚੁੱਕਿਆ। ਇਹ ਪੜਾਅ ਉਨ੍ਹਾਂ ਨੂੰ ਇੱਕ ਵਿਦਵਾਨ ਤੋਂ ਸਮਾਜ ਸੁਧਾਰਕ ਵੱਲ ਲੈ ਗਿਆ।

ਡਾ. ਅੰਬੇਡਕਰ ਦਾ ਮਿਸ਼ਨ ਮੁੱਖ ਤੌਰ 'ਤੇ ਜਾਤੀ ਪ੍ਰਥਾ ਨੂੰ ਖ਼ਤਮ ਕਰਨ 'ਤੇ ਕੇਂਦਰਿਤ ਸੀ। ਉਹ ਮੰਨਦੇ ਸਨ ਕਿ ਹਿੰਦੂ ਧਰਮ ਵਿੱਚ ਵਿਆਪਤ ਜਾਤੀ ਵਿਵਸਥਾ ਸਮਾਜ ਨੂੰ ਵੰਡਦੀ ਹੈ ਅਤੇ ਦਲਿਤਾਂ ਨੂੰ ਮਨੁਖੀ ਅਧਿਕਾਰਾਂ ਤੋਂ ਵਾਂਝਾ ਰੱਖਦੀ ਹੈ। 1927 ਵਿੱਚ ਉਨ੍ਹਾਂ ਨੇ ਮਹਾੜ ਸਤਿਆਗ੍ਰਹਿ (ਅੰਦੋਲਨ) ਸ਼ੁਰੂ ਕੀਤਾ, ਜਿੱਥੇ ਦਲਿਤਾਂ ਨੂੰ ਜਨਤਕ ਤਾਲਾਬ ਵਿੱਚ ਪਾਣੀ ਪੀਣ ਦਾ ਅਧਿਕਾਰ ਪ੍ਰਾਪਤ ਕਰਨ ਲਈ ਲੜਾਈ ਲੜੀ ਗਈ। ਇਹ ਇੱਕ ਵੱਡੀ ਘਟਨਾ ਸੀ ਜਿਸ ਨੇ ਦਲਿਤ ਲਹਿਰ ਨੂੰ ਨਵਾਂ ਜਨਮ ਦਿੱਤਾ। ਉਸੇ ਸਾਲ ਉਨ੍ਹਾਂ ਨੇ ਮਨੂੰਸਮ੍ਰਿਤੀ ਨੂੰ ਜਲਾਇਆ, ਜੋ ਜਾਤੀ ਪ੍ਰਥਾ ਨੂੰ ਜਾਇਜ਼ ਠਹਿਰਾਉਂਦੀ ਸੀ। ਇਹ ਕ੍ਰਾਂਤੀਕਾਰੀ ਕਦਮ ਸੀ ਜਿਸ ਨੇ ਉਨ੍ਹਾਂ ਨੂੰ ਹਿੰਦੂ ਨੇਤਾਵਾਂ ਨਾਲ ਟਕਰਾਅ ਵਿੱਚ ਲਿਆਂਦਾ। 1930 ਵਿੱਚ ਉਨ੍ਹਾਂ ਨੇ ਨਾਸਿਕ ਵਿੱਚ ਕਲਾਰਾਮ ਮੰਦਰ ਸਤਿਆਗ੍ਰਹਿ ਕੀਤਾ, ਜਿੱਥੇ ਦਲਿਤਾਂ ਨੂੰ ਮੰਦਰ ਵਿੱਚ ਪ੍ਰਵੇਸ਼ ਦੀ ਮੰਗ ਕੀਤੀ ਗਈ। ਇਹ ਸੰਘਰਸ਼ ਉਨ੍ਹਾਂ ਦੇ ਮਿਸ਼ਨ ਨੂੰ ਵਿਆਪਕ ਬਣਾਉਂਦੇ ਰਹੇ। ਉਨ੍ਹਾਂ ਨੇ 'Aninihlaiton of Cast' ਨਾਂ ਦੀ ਕਿਤਾਬ ਲਿਖੀ ਜੋ ਜਾਤੀ ਪ੍ਰਥਾ ਦਾ ਵਿਗਿਆਨਕ ਤਰੀਕੇ ਨਾਲ ਵਿਸ਼ਲੇਸ਼ਣ ਕਰਦੀ ਹੈ। ਉਹ ਮੰਨਦੇ ਸਨ ਕਿ ਜਾਤੀ ਪ੍ਰਥਾ ਨੂੰ ਖ਼ਤਮ ਕੀਤੇ ਬਿਨਾਂ ਭਾਰਤ ਸੱਚੀ ਅਜ਼ਾਦੀ ਪ੍ਰਾਪਤ ਨਹੀਂ ਕਰ ਸਕਦਾ।

ਡਾ. ਅੰਬੇਡਕਰ ਨੇ ਬਹਿਸ਼ਕ੍ਰਿਤ ਭਾਰਤ ਅਤੇ ਜਨਤਾ ਵਰਗੇ ਅਖ਼ਬਾਰ ਸ਼ੁਰੂ ਕੀਤੇ ਜੋ ਦਲਿਤਾਂ ਦੀ ਅਵਾਜ਼ ਬਣੇ। ਉਨ੍ਹਾਂ ਨੇ ਯਓਲਾ ਕਾਨਫਰੰਸ ਵਿੱਚ ਕਿਹਾ ਕਿ 'ਮੈਂ ਹਿੰਦੂ ਵਜੋਂ ਜੰਮਿਆ ਹਾਂ ਪਰ ਹਿੰਦੂ ਵਜੋਂ ਨਹੀਂ ਮਰਾਂਗਾ'। ਇਹ ਬਿਆਨ ਉਨ੍ਹਾਂ ਦੇ ਮਿਸ਼ਨ ਨੂੰ ਨਵੀਂ ਦਿਸ਼ਾ ਦਿੰਦਾ ਸੀ, ਇਸ ਤੋਂ ਬਾਅਦ ਉਹ ਹਿੰਦੂ ਧਰਮ ਨੂੰ ਛੱਡ ਕੇ ਬੁੱਧ ਧਰਮ ਵੱਲ ਵਧੇ। ਉਨ੍ਹਾਂ ਦੇ ਸੰਘਰਸ਼ ਨੇ ਦਲਿਤਾਂ ਵਿੱਚ ਜਾਗਰੂਕਤਾ ਪੈਦਾ ਕੀਤੀ ਤੇ ਉਨ੍ਹਾਂ ਨੂੰ ਸੰਗਠਿਤ ਕੀਤਾ। ਇਹ ਪੜਾਅ ਉਨ੍ਹਾਂ ਦੇ ਮਿਸ਼ਨ ਨੂੰ ਰਾਸ਼ਟਰੀ ਪੱਧਰ ਤੇ ਲੈ ਗਿਆ, ਜਿੱਥੇ ਉਹ ਗਾਂਧੀ ਜੀ ਨਾਲ ਵੀ ਟਕਰਾਏ। ਪੂਨਾ ਪੈਕਟ 1932 ਵਿੱਚ ਉਨ੍ਹਾਂ ਨੇ ਗਾਂਧੀ ਜੀ ਨਾਲ ਸਮਝੌਤਾ ਕੀਤਾ, ਜਿਸ ਵਿੱਚ ਦਲਿਤਾਂ ਲਈ ਵੱਖਰੇ ਵੋਟਾਂ ਦੀ ਬਜਾਏ ਰਿਜ਼ਰਵ ਸੀਟਾਂ ਪ੍ਰਾਪਤ ਹੋਈਆਂ। ਇਹ ਉਨ੍ਹਾਂ ਦੇ ਮਿਸ਼ਨ ਦੀ ਵੱਡੀ ਜਿੱਤ ਸੀ, ਜਿਸ ਨੇ ਦਲਿਤਾਂ ਨੂੰ ਰਾਜਨੀਤਿਕ ਤਾਕਤ ਪ੍ਰਦਾਨ ਕੀਤੀ। ਉਨ੍ਹਾਂ ਨੇ 'ਇੰਡੀਪੈਂਡੈਂਟ ਲੇਬਰ ਪਾਰਟੀ' ਬਣਾਈ ਜੋ ਮਜ਼ਦੂਰਾਂ ਅਤੇ ਦਲਿਤਾਂ ਦੇ ਹੱਕਾਂ ਲਈ ਲੜੀ। ਇਸ ਤਰ੍ਹਾਂ ਉਨ੍ਹਾਂ ਦਾ ਮਿਸ਼ਨ ਸਮਾਜਿਕ ਨਿਆਂ ਨੂੰ ਆਰਥਿਕ ਨਿਆਂ ਨਾਲ ਜੋੜਦਾ ਸੀ। ਉਨ੍ਹਾਂ ਦਾ ਮੰਨਣਾ ਸੀ ਕਿ ਬਿਨਾਂ ਆਰਥਿਕ ਸਮਾਨਤਾ ਦੇ ਸਮਾਜਿਕ ਸਮਾਨਤਾ ਸੰਭਵ ਨਹੀਂ। ਉਨ੍ਹਾਂ ਨੇ ਉਦਯੋਗਿਕ ਵਿਕਾਸ ਦੇ ਸਿਧਾਂਤ ਦੇ ਨਾਲ-ਨਾਲ ਜ਼ਮੀਨ ਸੁਧਾਰ, ਖੇਤੀਬਾੜੀ ਦੇ ਅਧੁਨਕੀਕਰਨ ਅਤੇ ਮਜ਼ਦੂਰਾਂ ਦੇ ਹੱਕਾਂ ਉੱਤੇ ਜ਼ੋਰ ਦਿੱਤਾ।

ਡਾ. ਅੰਬੇਡਕਰ ਦਾ ਰਾਜਨੀਤਿਕ ਜੀਵਨ ਉਨ੍ਹਾਂ ਦੇ ਮਿਸ਼ਨ ਨੂੰ ਅਮਲੀ ਜਾਮਾ ਪਹਿਨਾਉਣ ਵਾਲਾ ਸੀ। ਉਹ 1926 ਵਿੱਚ ਬੰਬਈ ਲੈਜਿਸਲੇਟਿਵ ਕੌਂਸਲ ਦੇ ਮੈਂਬਰ ਬਣੇ ਅਤੇ ਦਲਿਤਾਂ ਦੇ ਮੁੱਦੇ ਉਠਾਏ। 1937 ਵਿੱਚ ਉਨ੍ਹਾਂ ਦੀ ਪਾਰਟੀ ਨੇ ਚੋਣਾਂ ਵਿੱਚ ਵੱਡੀ ਜਿੱਤ ਹਾਸਲ ਕੀਤੀ। ਆਜ਼ਾਦੀ ਦੇ ਸੰਘਰਸ਼ ਵਿੱਚ ਉਨ੍ਹਾਂ ਨੇ ਦਲਿਤਾਂ ਨੂੰ ਸ਼ਾਮਿਲ ਕੀਤਾ ਅਤੇ ਉਨ੍ਹਾਂ ਨੇ 'ਥੌਟਸ ਆਨ ਪਾਕਿਸਤਾਨ' ਵਰਗੀ ਕਿਤਾਬ ਲਿਖ ਕੇ ਵੰਡ 'ਤੇ ਵਿਚਾਰ ਕੀਤੇ। 1947 ਵਿੱਚ ਉਹ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਬਣੇ ਅਤੇ ਸੰਵਿਧਾਨ ਨਿਰਮਾਣ ਕਮੇਟੀ ਦੇ ਚੇਅਰਮੈਨ ਨਿਯੁਕਤ ਹੋਏ। ਉਨ੍ਹਾਂ ਨੇ ਸੰਵਿਧਾਨ ਵਿੱਚ ਸਮਾਜਿਕ, ਆਰਥਿਕ ਤੇ ਰਾਜਨੀਤਿਕ ਨਿਆਂ ਨੂੰ ਕੇਂਦਰ ਵਿੱਚ ਰੱਖਿਆ। ਮੁੱਲਾਂ ਦੀ ਆਜ਼ਾਦੀ (ਵਿੱਚਾਰ, ਧਰਮ, ਬੋਲਣ ਦੀ ਅਜ਼ਾਦੀ) ਨੂੰ ਯਕੀਨੀ ਬਣਾਇਆ। ਅਲਪਸੰਖਿਅਕਾਂ, ਮਹਿਲਾਵਾਂ, ਸ਼ੋਸ਼ਿਤ ਵਰਗਾਂ ਲਈ ਵਿਸ਼ੇਸ਼ ਹੱਕ ਦਿੱਤੇ। ਉਨ੍ਹਾਂ ਨੇ ਸੰਵਿਧਾਨ ਵਿੱਚ ਅਨੁਛੇਦ 17 ਸ਼ਾਮਲ ਕਰ ਕੇ ਅਛੂਤ ਪ੍ਰਥਾ ਨੂੰ ਗ਼ੈਰ-ਕਾਨੂੰਨੀ ਘੋਸ਼ਿਤ ਕੀਤਾ ਅਤੇ ਰਿਜ਼ਰਵੇਸ਼ਨ ਵਿਵਸਥਾ ਪੇਸ਼ ਕੀਤੀ। ਉਨ੍ਹਾਂ ਨੇ ਕਿਹਾ ਕਿ ਸੰਵਿਧਾਨ, ਭਾਰਤ ਨੂੰ ਇੱਕ ਸਮਾਨ ਅਤੇ ਨਿਆਂਪੂਰਨ ਸਮਾਜ ਬਣਾਏਗਾ।

**(ਬਾਕੀ ਸਫਾ 24 ਤੇ)**




**ਪ੍ਰੋਫੈਸਰ ਮਨਜੀਤ ਤਿਆਗੀ 'ਸਟੇਟ ਐਵਾਰਡੀ'**
**ਮਾਲੇਰਕੋਟਲਾ/ਅੰਮ੍ਰਿਤਸਰ**
**ਫ਼ੋਨ: 9814096108**
**ਸੰਸਥਾਪਕ ਤੇ ਮੁੱਖ ਬੁਲਾਰਾ: ਮਿਸ਼ਨ 'ਜ਼ਿੰਦਗੀ ਖ਼ੂਬਸੂਰਤ ਹੈ'**

# ਆਖ਼ਰ ਡਾ. ਭੀਮਰਾਓ ਅੰਬੇਡਕਰ ਦਾ ਮਿਸ਼ਨ ਹੈ ਕੀ?

ਉਨ੍ਹਾਂ ਦੇ ਮਿਸ਼ਨ ਨੇ ਰਾਜਨੀਤੀ ਨੂੰ ਸਮਾਜ ਸੁਧਾਰ ਨਾਲ ਜੋੜਿਆ। ਅੰਬੇਡਕਰ ਮਹਿਲਾਵਾਂ ਦੇ ਅਧਿਕਾਰਾਂ ਦੇ ਸਭ ਤੋਂ ਵੱਡੇ ਯੋਧਾ ਸਨ। ਉਨ੍ਹਾਂ ਨੇ ਹਿੰਦੂ ਕੋਡ ਬਿੱਲ ਰਾਹੀਂ ਮਹਿਲਾਵਾਂ ਨੂੰ ਸੰਪਤੀ ਦਾ ਹੱਕ, ਤਲਾਕ ਦਾ ਹੱਕ ਅਤੇ ਵਿਆਹ ਵਿੱਚ ਸਮਾਨ ਅਧਿਕਾਰ ਦੇਣ ਦੀ ਕੋਸ਼ਿਸ਼ ਕੀਤੀ। ਉਹ ਚਾਹੁੰਦੇ ਸਨ ਕਿ ਮਹਿਲਾਵਾਂ ਬਿਨਾਂ ਭੇਦਭਾਵ ਦੇ ਸਮਾਜ ਅਤੇ ਰਾਜਨੀਤੀ ਵਿੱਚ ਹਿੱਸਾ ਲੈ ਸਕਣ। ਭਾਰਤੀ ਸਮਾਜ ਵਿੱਚ ਨਾਰੀ ਨੂੰ ਪੂਰਾ ਮਾਣ-ਸਨਮਾਨ ਅਤੇ ਅਧਿਕਾਰ ਮਿਲਣ। 1951 ਵਿੱਚ ਉਨ੍ਹਾਂ ਨੇ ਮੰਤਰੀ ਪਦ ਤੋਂ ਅਸਤੀਫ਼ਾ ਦੇ ਦਿੱਤਾ ਕਿਉਂਕਿ ਹਿੰਦੂ ਕੋਡ ਬਿੱਲ ਨੂੰ ਮਨਜ਼ੂਰ ਨਹੀਂ ਕੀਤਾ ਗਿਆ। ਉਨ੍ਹਾਂ ਨੇ 'ਆਲ ਇੰਡੀਆ ਸ਼ੈਡਿਊਲਡ ਕਾਸਟਸ ਫ਼ੈਡਰੇਸ਼ਨ' ਬਣਾਈ ਅਤੇ ਰਾਜਨੀਤੀ ਵਿੱਚ ਦਲਿਤਾਂ ਨੂੰ ਨੁਮਾਇੰਦਗੀ ਦਿੱਤੀ। ਉਨ੍ਹਾਂ ਦਾ ਰਾਜਨੀਤਿਕ ਮਿਸ਼ਨ ਸੀ ਕਿ ਦਲਿਤਾਂ ਨੂੰ ਫ਼ੈਸਲੇ ਲੈਣ ਵਾਲੇ ਅਹੁਦਿਆਂ 'ਤੇ ਪਹੁੰਚਾਇਆ ਜਾਵੇ। ਇਹ ਉਨ੍ਹਾਂ ਦੇ ਵਿਚਾਰਾਂ ਨੂੰ ਅਮਲੀ ਰੂਪ ਦਿੰਦਾ ਸੀ।

1956 ਵਿੱਚ ਨਾਗਪੁਰ ਵਿੱਚ ਅੰਬੇਡਕਰ ਨੇ ਲੱਖਾਂ ਪੈਰੋਕਾਰਾਂ ਨਾਲ ਬੁੱਧ ਧਰਮ ਅਪਣਾਇਆ। ਉਹ ਮੰਨਦੇ ਸਨ ਕਿ ਹਿੰਦੂ ਧਰਮ ਵਿੱਚ ਜਾਤੀ ਪ੍ਰਥਾ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਨੇ 'ਦ ਬੁੱਧ ਐਂਡ ਹਿਜ਼ ਧੰਮ' ਕਿਤਾਬ ਲਿਖੀ ਜੋ ਬੁੱਧ ਧਰਮ ਨੂੰ ਨਵੇਂ ਰੂਪ ਵਿੱਚ ਪੇਸ਼ ਕਰਦੀ ਹੈ। ਇਹ ਉਨ੍ਹਾਂ ਦੇ ਮਿਸ਼ਨ ਦਾ ਅੰਤਿਮ ਪੜਾਅ ਸੀ, ਜਿੱਥੇ ਉਹ ਧਾਰਮਿਕ ਮੁਕਤੀ ਪ੍ਰਦਾਨ ਕਰ ਰਹੇ ਸਨ। ਇਸ ਤਬਦੀਲੀ ਨੇ ਦਲਿਤਾਂ ਨੂੰ ਨਵੀਂ ਪਛਾਣ ਦਿੱਤੀ ਅਤੇ ਜਾਤੀ ਪ੍ਰਥਾ ਤੋਂ ਮੁਕਤੀ ਦਾ ਰਾਹ ਵਿਖਾਇਆ। ਉਨ੍ਹਾਂ ਨੇ 22 ਪ੍ਰਤਿਗਿਆਵਾਂ ਲਈਆਂ ਜੋ ਬੁੱਧ ਧਰਮ ਨੂੰ ਵਿਗਿਆਨਕ ਬਣਾਉਂਦੀਆਂ ਹਨ। ਇਹ ਉਨ੍ਹਾਂ ਦੇ ਮਿਸ਼ਨ ਨੂੰ ਧਾਰਮਿਕ




ਮਾਪਦੰਡ ਦਿੰਦਾ ਸੀ।

ਡਾ. ਅੰਬੇਡਕਰ ਨੇ ਕਈ ਕਿਤਾਬਾਂ ਲਿਖੀਆਂ ਜਿਵੇਂ 'Who Were the Shudras?, Riddles in Hinduism' ਅਤੇ Thoughts on Linguistic States' ਇਹ ਲਿਖਤਾਂ ਉਨ੍ਹਾਂ ਦੇ ਮਿਸ਼ਨ ਨੂੰ ਵਿਚਾਰਧਾਰਕ ਅਧਾਰ ਪ੍ਰਦਾਨ ਕਰਦੀਆਂ ਹਨ। ਉਨ੍ਹਾਂ ਦੀ ਵਿਰਾਸਤ ਵਿੱਚਾਰਾਂ ਦੇ ਰੂਪ ਵਿੱਚ ਅੱਜ ਵੀ ਜੀਵਿਤ ਹੈ। ਭਾਰਤ ਵਿੱਚ ਸਮਾਨਤਾ ਦੀ ਨੀਤੀ ਉਨ੍ਹਾਂ ਦੇ ਵਿਚਾਰਾਂ ਤੇ ਅਧਾਰਿਤ ਹੈ। ਉਨ੍ਹਾਂ ਦੇ ਮਿਸ਼ਨ ਨੇ ਵਿਸ਼ਵ ਪੱਧਰ 'ਤੇ ਪ੍ਰਭਾਵ ਪਾਇਆ। ਯੂ. ਐੱਨ. (Uinted Naitons) ਦੇ ਸਸਟੇਨੇਬਲ ਡਿਵੈਲਪਮੈਂਟ ਗੋਲਜ਼ ਵਿੱਚ ਵੀ ਉਨ੍ਹਾਂ ਦੇ ਵਿਚਾਰ ਵੇਖੇ ਜਾ ਸਕਦੇ ਹਨ। ਅੰਬੇਡਕਰ ਦੇ ਸੁਪਨੇ, 'ਸਮਾਜਿਕ ਨਿਆਂ, ਸਿੱਖਿਆ ਦਾ ਪ੍ਰਸਾਰ, ਧਾਰਮਿਕ ਸਹਿਣਸ਼ੀਲਤਾ, ਤੇ ਲੋਕਤੰਤਰ ਦੀ ਰੱਖਿਆ' ਅੱਜ ਵੀ ਸਾਰਥਿਕ ਹਨ।

ਦੇਸ਼ ਦੇ ਲੋਕਤੰਤਰੀ ਢਾਂਚੇ ਨੂੰ ਚਲਾਉਣ ਲਈ ਡਾਕਟਰ ਭੀਮ ਰਾਓ ਅੰਬੇਡਕਰ ਨੇ ਸਾਨੂੰ ਸਿਰਫ਼ ਸੰਵਿਧਾਨ ਹੀ ਨਹੀਂ ਦਿੱਤਾ ਸਗੋਂ ਦੇਸ਼ ਦਾ ਪ੍ਰਮੁੱਖ ਬੈਂਕ 'ਰਿਜ਼ਰਬ ਬੈਂਕ ਆਫ਼ ਇੰਡੀਆ' ਵੀ ਉਨ੍ਹਾਂ ਦੀ ਹੀ ਕਿਤਾਬ 'ਦ ਪ੍ਰੋਬਲਮ ਆਫ਼ ਦ ਰੁਪਈ, ਇਟਸ ਓਰੀਜਨ ਐਂਡ ਸਲਿਊਸ਼ਨ' 'ਤੇ ਹੀ ਅਧਾਰਿਤ ਹੈ। ਜੇਕਰ ਉਨ੍ਹਾਂ ਦੀ ਅੰਤਰਰਾਸ਼ਟਰੀ ਪ੍ਰਸਿੱਧੀ ਦੀ ਗੱਲ ਕਰੀਏ ਤਾਂ ਡਾ. ਅੰਬੇਡਕਰ ਕੇਵਲ ਇੱਕੋ ਇੱਕ ਭਾਰਤੀ ਹਨ ਜਿਨ੍ਹਾਂ ਦਾ ਚਿੱਤਰ ਲੰਡਨ ਮਿਊਜ਼ਿਅਮ ਵਿਖੇ ਕਾਰਲ ਮਾਰਕਸ ਦੇ ਚਿੱਤਰ ਦੇ ਨੇੜੇ ਲੱਗਿਆ ਹੋਇਆ ਹੈ। ਉਨ੍ਹਾਂ ਦੀ ਸਵੈ-ਜੀਵਨੀ 'ਵੇਟਿੰਗ ਫ਼ਾਰ ਏ ਵੀਜ਼ਾ' ਅਮਰੀਕਾ ਦੀ ਯੂਨੀਵਰਸਿਟੀ ਕੋਲੰਬੀਆ ਵਿਖੇ ਵਿਦਿਆਰਥੀਆਂ ਨੂੰ ਸਿਲੇਬਸ ਵਿੱਚ ਪੜ੍ਹਾਈ ਜਾਂਦੀ ਹੈ। 2024 ਵਿੱਚ ਯੂ. ਐਨ. ਓ. ਵੱਲੋਂ ਵੀ ਉਨ੍ਹਾਂ ਦੇ 133 ਵੇ ਜਨਮ ਨੂੰ ਸਮਰਪਿਤ ਇੱਕ ਸਮਾਗਮ ਕਰਵਾਇਆ ਗਿਆ ਜਿਸ ਵਿੱਚ 195 ਦੇਸ਼ਾਂ ਦੇ ਪ੍ਰਤੀਨਿਧਆਂ ਨੇ ਭਾਗ ਲਿਆ। ਇਸ ਤੋਂ ਇਲਾਵਾ 26 ਨਵੰਬਰ 2025 ਨੂੰ ਸੰਵਿਧਾਨ ਦਿਵਸ ਮੌਕੇ ਪੈਰਿਸ ਵਿੱਚ ਯੂਨੇਸਕੋ ਦੇ ਮੁੱਖ ਦਫ਼ਤਰ ਵਿਖੇ ਡਾ. ਅੰਬੇਡਕਰ ਦੇ ਬੁੱਤ ਦਾ ਉਦਘਾਟਨ ਕੀਤਾ। ਬੁੱਤ 'ਤੇ ਅੰਬੇਡਕਰ ਦੇ ਨਾਮ ਵਾਲੀ ਇੱਕ ਤੱਖ਼ਤੀ ਅਤੇ ਇੱਕ ਕੈਪਸ਼ਨ ਹੈ ਜਿਸ ਵਿੱਚ ਲਿਖਿਆ ਹੈ, 'ਭਾਰਤੀ ਸੰਵਿਧਾਨ ਦੇ ਸ਼ਿਲਪਕਾਰ, ਭਾਰਤੀ ਸੰਵਿਧਾਨ ਦੇ 70 ਸਾਲ (1950-2025)।' ਡਾ. ਅੰਬੇਡਕਰ ਦੇ ਮਿਸ਼ਨ ਨੂੰ ਅੱਗੇ ਵਧਾਉਣ ਲਈ ਸਾਨੂੰ ਚਾਹੀਦਾ ਹੈ ਕਿ ਉਨ੍ਹਾਂ ਦੀਆਂ ਸਿੱਖਿਆਵਾਂ ਅਤੇ ਵਿਚਾਰਾਂ ਦਾ ਪ੍ਰਚਾਰ ਅਤੇ ਪ੍ਰਸਾਰ ਕਰੀਏ। ਬੇਇਨਸਾਫ਼ੀ ਵਿਰੁੱਧ ਅਵਾਜ਼ ਉਠਾਉਣਾ ਤੇ ਉਨ੍ਹਾਂ ਦੇ ਭਾਸ਼ਨਾਂ ਵਿੱਚੋਂ ਵਿਚਾਰ ਲੈ ਕੇ ਆਮ ਲੋਕਾਂ ਨੂੰ ਜਾਗ੍ਰਿਤ ਕਰੀਏ ਤੇ ਉਹਨਾਂ ਨੂੰ ਵਿੱਦਿਆ ਪ੍ਰਾਪਤ ਕਰਨ ਲਈ ਪ੍ਰੇਰਿਤ ਕਰੀਏ। ਡਾ. ਅੰਬੇਡਕਰ ਦਾ ਵਿਚਾਰ ਸੀ, "ਮਨੁੱਖ ਨਾਸ਼ਵਾਨ ਹਨ। ਇਸੇ ਤਰ੍ਹਾਂ ਵਿਚਾਰਾਂ ਦਾ ਵੀ ਖ਼ਾਤਮਾ ਹੋ ਜਾਂਦਾ ਹੈ। ਜਿਵੇਂ ਪ੍ਰਫੁਲਤ ਹੋਣ ਲਈ ਇੱਕ ਪੌਦੇ ਨੂੰ ਪਾਣੀ ਦੀ ਜ਼ਰੂਰਤ ਪੈਂਦੀ ਹੈ, ਉਸੇ ਤਰ੍ਹਾਂ ਵਿਚਾਰਾਂ ਨੂੰ ਜਿੰਦਾ ਰੱਖਣ ਲਈ ਲਗਾਤਾਰ ਪ੍ਰਚਾਰ ਦੀ ਲੋੜ ਹੁੰਦੀ ਹੈ। ਨਹੀਂ ਤਾਂ ਦੋਨੋਂ ਮੁਰਝਾ ਜਾਣਗੇ, ਮਰ ਜਾਣਗੇ ਅਤੇ ਖ਼ਤਮ ਹੋ ਜਾਣਗੇ।" ਆਮ ਲੋਕਾਂ ਨੂੰ ਉਹ 22 ਪ੍ਰਤਿਗਿਆਵਾਂ ਬਾਰੇ ਜਾਣੂ ਕਰਵਾਈਏ ਜੋ ਉਨ੍ਹਾਂ ਨੇ ਬੁੱਧ ਧਰਮ ਨੂੰ ਧਾਰਨ ਕਰਨ ਸਮੇਂ ਲਈਆਂ ਸਨ। ਡਾ. ਅੰਬੇਡਕਰ ਸਾਹਿਬ ਕਿਹਾ ਕਰਦੇ ਸਨ ਕਿ ਪੜ੍ਹੇ-ਲਿਖੇ ਤੋਂ ਸਾਰੇ ਪਿੰਡ ਨੂੰ ਉਮੀਦ ਹੁੰਦੀ ਹੈ ਕਿ ਉਹ ਸਮਾਜ ਲਈ ਕੁੱਝ ਕਰੇਗਾ। ਡਾ. ਅੰਬੇਡਕਰ ਦਾ ਮਿਸ਼ਨ ਤੁਹਾਨੂੰ ਪੰਜਵੀਂ ਮੰਜ਼ਿਲ 'ਤੇ ਇੱਟਾਂ ਢੋਣ ਲਈ ਨਹੀਂ ਕਹਿੰਦਾ ਨਾ ਹੀ ਤੁਹਾਡੇ ਕੋਲੋ ਹਜ਼ਾਰਾਂ ਰੁਪਏ ਦੀ ਮੰਗ ਕਰਦਾ ਹੈ, ਮਿਸ਼ਨ ਸਿਰਫ਼ ਇਹ ਹੀ ਉਮੀਦ ਕਰਦਾ ਹੈ ਕਿ ਤੁਸੀਂ ਜੋ ਵੀ ਕੰਮ ਕਰਦੇ ਹੋ, (ਡਾ., ਪਲੰਬਰ, ਨਾਈ, ਮਜ਼ਦੂਰ, ਦਰਜ਼ੀ, ਮਾਸਟਰ, ਵਕੀਲ, ਮੈਨੇਜਰ, ਠੇਕੇਦਾਰ, ਵੈੱਲਡਰ) ਆਪਣੇ ਕੰਮ ਰਾਹੀਂ ਆਪਣੇ ਮੁਹੱਲੇ ਜਾਂ ਪਿੰਡ ਦੇ ਲੋੜਵੰਦ ਪਰਿਵਾਰਾਂ ਦੀ ਮੱਦਦ ਕਰੋ। ਗ਼ਰੀਬ ਲੋਕਾਂ ਨੂੰ ਸਰਕਾਰੀ ਸਹੂਲਤਾਂ ਦਾ ਲਾਭ ਦਿਵਾਉਣ ਵਿੱਚ ਮੱਦਦ ਕਰੋ। ਨੌਕਰੀ-ਪੇਸ਼ੇ ਵਾਲੇ ਜੇ ਸਮਾਜ ਨੂੰ ਸਮਾਂ ਨਹੀਂ ਦੇ ਸਕਦੇ ਤਾਂ ਸਮੇਂ-ਸਮੇਂ 'ਤੇ ਵਿੱਤੀ ਸਹਾਇਤਾ ਕਰਨ, ਅੰਬੇਡਕਰ ਦਾ ਵਿਚਾਰ ਸੀ ਕਿ ਨੌਕਰੀ-ਪੇਸ਼ੇ ਵਾਲੇ ਪਰਿਵਾਰ ਆਪਣੀ ਆਮਦਨ ਦਾ ਵੀਹਵਾਂ ਹਿੱਸਾਂ ਸਮਾਜ ਦੇ ਉਥਾਨ ਲਈ ਖ਼ਰਚ ਕਰਨ ਤਾਂ ਕਿ ਭਾਰਤ ਸੱਚੇ ਅਰਥਾਂ ਵਿੱਚ ਮਹਾਨ ਬਣੇ। ਇਸ ਤੋਂ ਇਲਾਵਾ ਪੜ੍ਹੇ-ਲਿਖੇ ਚੇਤਨ ਸਾਥੀਆਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਅੰਧਵਿਸ਼ਵਾਸ਼ਾਂ ਅਤੇ ਸਮਾਜਿਕ ਬੁਰਾਈਆਂ ਖ਼ਿਲਾਫ਼ ਲੋਕਾਂ ਨੂੰ ਜਾਗ੍ਰਿਤ ਕਰਨ।

ਸੰਖੇਪ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਡਾ. ਅੰਬੇਡਕਰ ਆਪਣੇ ਮਿਸ਼ਨ ਨੂੰ ਪੂਰਾ ਕਰਨ ਲਈ ਹਰ ਪਲ ਸੰਘਰਸ਼ਸ਼ੀਲ ਰਹੇ, ਇਸ ਸੰਘਰਸ਼ ਦੌਰਾਨ ਉਨ੍ਹਾਂ ਨੇ ਆਪਣੇ ਚਾਰ ਬੱਚੇ ਤੇ ਪਤਨੀ ਵੀ ਸਾਡੇ ਲਈ ਵਾਰ ਦਿੱਤੇ। ਉਹ ਇੱਕ ਅਜਿਹੇ ਸਮਾਜ ਦਾ ਨਿਰਮਾਣ ਕਰਨਾ ਚਾਹੁੰਦੇ ਸੀ ਜਿੱਥੇ ਜਾਤੀ, ਧਰਮ ਜਾਂ ਲਿੰਗ ਦੇ ਆਧਾਰ ਤੇ ਭੇਦਭਾਵ ਨਾ ਹੋਵੇ। ਉਨ੍ਹਾਂ ਨੇ ਆਪਣੇ ਜੀਵਨ ਨੂੰ ਇਸ ਲਈ ਸਮਰਪਿਤ ਕੀਤਾ ਅਤੇ ਭਾਰਤ ਨੂੰ ਇੱਕ ਮਜ਼ਬੂਤ ਸੰਵਿਧਾਨ ਦਿੱਤਾ। ਉਨ੍ਹਾਂ ਨੂੰ 1990 ਵਿੱਚ ਭਾਰਤ ਰਤਨ ਨਾਲ ਸਨਮਾਨਿਤ ਕੀਤਾ ਗਿਆ। ਭਾਵੇਂ ਉਹ ਸਰੀਰਕ ਤੌਰ 'ਤੇ ਸਾਡੇ ਵਿੱਚੋਂ 6 ਦਸੰਬਰ 1956 ਨੂੰ ਚਲੇ ਗਏ ਪਰ ਉਨ੍ਹਾਂ ਦਾ ਮਿਸ਼ਨ ਅੱਜ ਵੀ ਜੀਵਿਤ ਹੈ ਤੇ ਹਰ ਉਸ ਮਨੁੱਖ ਲਈ ਪ੍ਰੇਰਣਾ ਦਾ ਸ੍ਰੋਤ ਹੈ ਜੋ ਇਨਸਾਫ਼ ਅਤੇ ਬਰਾਬਰੀ ਲਈ ਲੜਦਾ ਹੈ।ਲੋਕ ਜਾਗ੍ਰਿਤ ਹੋ ਰਹੇ ਹਨ। ਹੌਲੀ-ਹੌਲੀ ਆਰਥਿਕ ਅਤੇ ਸਮਾਜਿਕ ਤਬਦੀਲੀ ਆ ਰਹੀ ਹੈ। ਜੋ ਮਾਨਵਤਾ ਲਈ ਇਕ ਸ਼ੁਭ ਸ਼ੰਕੇਤ ਹੈ।

# ਮਾਪਿਆਂ ਦੀ ਸੇਵਾ ਸਫਲ ਹੈ !

ਉਮਰਾਂ ਦੇ ਨਾਲ, ਸਰੀਰ ਦੇ ਹਰ ਚੀਜ਼, ਕਿਣਕਾ ਕਿਣਕਾ ਕਰਕੇ, ਘਟਦੀ ਜਾਂਦੀ। ਸਿਰ ਦੇ ਕੇਸ ਝੜਦੇ, ਬਾਲ ਵਾਲ ਕਰਕੇ, ਪਰ ਮਨ ਦੀ, ਤਮਾਂ ਵਧਦੀ ਜਾਂਦੀ। ਜਿਨ੍ਹਾਂ ਨੂੰ, ਕੀਤਾ ਕਰਾਇਆ, ਮਿਲ ਜਾਵੇ, ਉਨ੍ਹਾਂ ਦੀ ਤਾਂ, ਜਿਵੇਂ ਬਣ ਜਾਂਦੀ ਹੈ ਚਾਂਦੀ। ਮਾਵਾਂ ਪੁੱਤਾਂ ਵਾਸਤੇ, ਮਰ ਮਰ ਜਾਵਣ, ਪਤਾ ਨ੍ਹੀਂ, ਕਤਲ ਕਰਨ ਵੇਲੇ, ਕਿਵੇਂ ਉਨ੍ਹਾਂ ਦੀ, ਜ਼ਮੀਰ ਹੈ ਮਰ ਜਾਂਦੀ। ਜਵਾਨੀ ਵੇਲੇ, ਗਤੀ ਦੀ ਹੁੰਦੀ, ਪੂਰੀ ਸਪੀਡ, ਛੱਲਾਂ ਮਾਰਦੀ ਜਾਵੇ,ਪਤੀੜਾਂ ਪਾ ਦਿੰਦੀ। ਬੇਬਸ ਹੋ ਜਾਵੇ, ਸਰੀਰ ਜਦੋਂ, ਮੱਖੀ ਵੀ ਨਹੀਂ, ਉੜਾ ਹੁੰਦੀ। ਕਿਸਮਤ ਵਾਲੇ ਹੁੰਦੇ, ਧੀਆਂ ਪੁੱਤਰ, ਜਿਹੜੇ ਮਾਪਿਆਂ ਦੀ, ਸੇਵਾ ਕਰਦੇ। ਬਖਸ਼ਿਸ਼ ਉਨ੍ਹਾਂ ਨੂੰ ਹੋ ਜਾਂਦੀ, ਉਨ੍ਹਾਂ ਦੇ ਨਸੀਬਾਂ ਦੇ, ਸੂਰਜ ਹਮੇਸ਼ਾ ਰਹਿਣ ਚੜ੍ਹਦੇ।



ਮਾਪੇ ਔਲਾਦ ਕੋਲੋਂ, ਕੁੱਝ ਨ੍ਹੀਂ ਚਾਹੁੰਦੇ, ਬੱਸ ਥੋੜੀ ਜਿਹੀ,ਝੱਲਕ ਪੈਂਦੀ ਰਹੇ ਸਤਿਕਾਰ ਦੀ। ਜਿੰਨੀ ਕੁ ਵੀ, ਤਰੱਕੀ ਕਰਦੇ ਰਹਿਣ ਉਹ, ਉਨ੍ਹਾਂ ਦਾ ਸੀਨਾ, ਰਹੇ ਠਾਰਦੀ। ਇੱਕੋ ਛੱਤ ਥੱਲੇ, ਰਹਿੰਦੇ ਸੀ, ਸਾਰਾ ਪਰਿਵਾਰ ਸੀ, ਸੁਖੀ ਵੱਸਦਾ। ਪਿੰਡ ਦੀਆਂ ਸਾਂਝਾਂ ਵਿੱਚ ਸੀ ਖੁਸ਼ਬੂਆਂ,ਹਰ ਕੋਈ, ਭੀੜ ਪੈਣ ਤੇ,ਆਪਣੇ ਸੁੱਖ-ਦੁੱਖ ਦੱਸਦਾ। ਮਾਇਆ ਲਛਮੀ ਕਿਸੇ ਦੇ, ਨਾਲ ਨ੍ਹੀਂ ਜਾਣੀ, ਮ੍ਹਾਤੜਾਂ ਨਾਲ ਤਾਂ, ਲਛਮੀ ਦੀ ਰਹੇ ਅਣਬਣ। ਕਾਮਰੇਡਾਂ ਦਾ ਪ੍ਰਵਚਨ, ਹਮੇਸ਼ਾ ਇਹੀ ਕਹਿੰਦਾ,ਸਾਡਾ ਗੋਪਾਲ ਤਾਂ, ਸਦਾ ਕਰਦਾ ਰਹੇ ਠਣ ਠਣ। ਕਿਸੇ ਸਿਆਸੀ ਸ਼ਖਸ ਨੂੰ ਦੇਣਾ ਪਿਆ ਅਸਤੀਫਾ, ਜਾਂਚ ਕਰਨ ਲਈ ਸੀ, ਦਾਸ ਕਮਿਸ਼ਨ ਬਿਠਾਇਆ। ਇਲਾਕੇ ਚ ਗਿਆ, ਤਾਂ ਪੁਰਾਣਾ ਚੇਲਾ, ਗੋਡੀਂ ਹੱਥ ਲਾ ਕਹਿੰਦਾ, ਮੈਂ ਹਾਂ ਤੁਹਾਡਾ ਦਾਸ। ਲੀਡਰ ਭੜਕ ਪਿਆ, ਪਹਿਲੇ ਦਾਸ ਦਾ, ਪੱਟਿਆ ਤਾਬ ਨ੍ਹੀਂ ਆਇਆ ਤੂੰ ਹੈਂ ਕਿਹੜਾ ਦਾਸ ?



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ-ਆਬਾਦ ਬ੍ਰਿਸਬੇਨ, ਆਸਟ੍ਰੇਲੀਆ ਫੋਨ ਨੰਬਰ : 9878469639**

# ਪੰਜਾਬੀ ਰਿਸ਼ਤੇਦਾਰ – ਜਾਗਰੂਕਤਾ ਮੁਹਿੰਮਾਂ ਦੇ ਸੱਚੇ ਸਿਪਾਹੀ (ਵਿਅੰਗਮਈ)

ੰਜਾਬੀ ਰਿਸ਼ਤੇਦਾਰ ਕਿਸੇ ਵੀ ਸਰਕਾਰੀ ਜਾਗਰੂਕਤਾ ਮੁਹਿੰਮ ਤੋਂ ਕਦੇ ਪਿੱਛੇ ਨਹੀਂ ਰਹੇ। ਸਰਕਾਰ ਚਾਹੇ "ਬੇਟੀ ਬਚਾਓ" ਦੀ ਗੱਲ ਕਰੇ ਜਾਂ "ਨਸ਼ਾ ਮੁਕਤੀ" ਦੀ—ਪਰ ਸਾਡਾ ਪੰਜਾਬੀ ਰਿਸ਼ਤੇਦਾਰ ਭਾਈਚਾਰਾ ਪਹਿਲਾਂ ਹੀ ਕੌਮੀ ਜ਼ਿੰਮੇਵਾਰੀ ਨਿਭਾਉਣ ਲਈ ਘਰ-ਘਰ ਦੌਰਾ ਕਰ ਚੁੱਕਾ ਹੁੰਦਾ ਹੈ।

ਇਹ ਰਿਸ਼ਤੇਦਾਰ ਤੁਹਾਡੇ ਹਾਲ-ਚਾਲ ਲੈਣ ਨਹੀਂ, ਸਿੱਧਾ ਰਿਪੋਰਟ ਤਿਆਰ ਕਰਨ ਆਉਂਦੇ ਹਨ—ਤੇ ਉਹ ਵੀ ਐਨੀ ਤਫ਼ਤੀਸ਼ ਨਾਲ ਕਿ ਜੇ ਛਭੀ ਵਾਲੇ ਵੀ ਪੜ੍ਹ ਲੈਣ, ਤਾਂ ਸਲਾਮ ਕਰ ਦੇਣ!

ਸਭ ਤੋਂ ਪਹਿਲਾ ਸਵਾਲ: “ਤੂੰ ਕਿੰਨੇ ਸਾਲ ਦਾ ਹੋ ਗਿਆ?”

ਇਹ ਸਧਾਰਨ ਸਵਾਲ ਨਹੀਂ—ਇਹ ਇੱਕ ਸਾਇਕੋਲੋਜੀਕਲ ਟੈਸਟ ਹੁੰਦਾ ਹੈ। ਜੇ ਤੂੰ 25 ਤੋਂ ਉੱਪਰ ਹੋ ਗਿਆ, ਤਾਂ ਅਗਲਾ ਤੀਰ ਪੱਕਾ: “ਵਿਆਹ ਦਾ ਕੋਈ ਸੋਚਿਆ?”

ਅਜੇ ਜਵਾਬ ਸੋਚ ਹੀ ਰਿਹਾ ਹੋਵੇਂ, ਤਾਂ ਤੁਰੰਤ ਤੀਜਾ ਹਮਲਾ: “ਕੁੜੀ ਕਿਹੜੀ ਜਾਤ ਦੀ ਚਾਹੀਦੀ?”

ਇਹ ਰਿਸ਼ਤੇਦਾਰ ਐਨੇ ਜਾਗਰੂਕ ਹੁੰਦੇ ਹਨ ਕਿ ਤੁਹਾ-ਡੇ ਭਵਿੱਖ ਦੇ ਫੈਸਲੇ ਵੀ ਤੁਹ-ਾਡੇ ਤੋਂ ਪਹਿਲਾਂ ਕਰ ਦਿੰਦੇ ਹਨ।

ਕੁਝ ਕੌਮੀ ਮੁੱਦੇ ਤਾਂ ਉਹ ਆਪਣੇ ਹੱਥੀਂ ਹੱਲ ਕਰ ਲੈਂਦੇ ਹਨ, ਉਦ-ਾਹਰਨ ਵੱਜੋਂ:

ਕੌਮੀ ਮੁੱਦਿਆਂ ਦੀ ਗਹਿਰਾਈ ਨਾਲ ਜਾਂਚ

**ਨੌਕਰੀ ਦੀ ਘਾਟ:**

“ਕਿੰਨੀ ਤਨਖਾਹ ਲੈਂਦਾ ਏ? ਓਹਦੇ ਮਾਮੇ ਦਾ ਮੁੰਡਾ ਤਾਂ ਕਨੇਡਾ ‘ਚ ਓਡੀ ‘ਚ ਘੁੰਮਦਾ।”

**ਸਿਹਤ ਸੰਭਾਲ:**

“ਮੋਟਾ ਕਿੰਨਾ ਹੋ ਗਿਆ ਐਂ! ਚਾਹ ਪੀਣ ਦੀ ਥਾਂ ਦੁੱਧ ਪੀਆ ਕਰ।”

ਆਵਾਜਾਈ ਸੁਵਿਧਾ:

“ਬਾਈਕ ਤੇ ਕਿੰਨੇ ਸਾਲ ਹੋ ਗਏ? ਹੁਣ ਤਾਂ ਕਾਰ ਲੈ ਲਈ।”

ਕਈ ਵਾਰ ਤਾਂ ਇਹ ਜਾਗਰੂਕਤਾ ਇੰਨੀ ਅੱਗੇ ਨਿਕਲ ਜਾਂਦੀ ਹੈ ਕਿ ਰਿਸ਼ਤੇਦਾਰ ਤੁਹਾਡੇ ਬੱਚਿਆਂ ਦੇ ਨਾਮ, ਸਕੂਲ ਤੇ ਭਵਿੱਖੀ ਕੈਰੀਅਰ ਤੱਕ ਦਾ ਪਲਾਨ ਤਿਆਰ ਕਰ ਦਿੰਦੇ ਹਨ—ਜਿਵੇਂ ਤੁਸੀਂ ਲੋਕ ਸਭਾ ਚੋਣਾਂ ‘ਚ ਖੜ੍ਹੇ ਹੋਵੋ।

ਕੰਪੈਰੀਟਿਵ ਐਨਾਲਾਈਜ਼ – ਪੰਜਾਬੀ ਵਰਜਨ

ਹਾਸਾ ਤਾਂ ਉਹਦੋਂ ਆਉਂਦਾ ਹੈ ਜਦੋਂ ਰਿਸ਼ਤੇਦਾਰ ਆਪਣੀ ਕੰਪੈਰੀਟਿਵ ਰਿਪੋਰਟ ਪੇਸ਼ ਕਰਦੇ ਹਨ: “ਤੇਰੇ ਨਾਲ ਜੁਗਨੀ ਦਾ ਵਿਆਹ ਇਕੋ ਸਾਲ ਹੋਇਆ ਸੀ, ਉਹਦੇ ਤਾਂ ਹੁਣ ਦੋ ਬੱਚੇ ਨੇ… ਤੇ ਤੂੰ ਹਾਲੇ ਵੀ ਘੁੰਮਣ ‘ਚ ਲੱਗਾ ਏ?”

ਉਸ ਵੇਲੇ ਲੱਗਦਾ ਹੈ ਜਿਵੇਂ ਤੁਸੀਂ ਸਮਾਜਿਕ ਕਾਰਜਕੁਸ਼ਲਤਾ ਦੇ ਟੈਸਟ ਵਿੱਚ ਫੇਲ ਹੋ ਗਏ ਹੋ।

ਕਈ ਰਿਸ਼ਤੇਦਾਰ ਤਾਂ ਆਪਣੇ ਨਾਲ ਫੋਟੋਜ਼, ਬਾਇਓਡਾਟਾ ਅਤੇ ਜੋੜਿਆਂ ਦੀ ਲਿਸਟ ਲੈ ਕੇ ਆਉਂਦੇ ਹਨ—ਜਿਵੇਂ ਕਿਸੇ ਮੈਟਰੀਮੋਨੀ ਐਪ ਦੀ ਹਿਊਮਨ ਵਰਜ਼ਨ ਬਣ ਗਏ ਹੋਣ।

ਭਾਵੇਂ ਇਹ ਸਾਰੇ ਰਿਸ਼ਤੇਦਾਰ ਕਦੇ-ਕਦੇ ਸਿਰ ਤਕਲੀਫ਼ ਲਗਦੇ ਨੇ, ਪਰ ਦਿਲੋਂ ਚੰਗਾ ਹੀ ਚਾਹੁੰਦੇ ਹਨ। ਉਹਨਾਂ ਲਈ ਹੱਸਣਾ, ਪੁੱਛਣਾ ਤੇ ਤਕੜੀ ਗੱਲ ਕਰਨਾ ਪਿਆਰ ਜਤਾਉਣ ਦਾ ਤਰੀਕਾ ਹੈ। ਪੰਜਾਬੀ ਰਿਸ਼ਤੇਦਾਰਾਂ ਦੇ ਬਗੈਰ ਜ਼ਿੰਦਗੀ ਸੁੰਨੀ ਹੋ ਜਾਏ—ਤੇ ਉਹਨਾਂ ਦੇ ਜਹਾਜ਼ ਵਰਗੇ ਦੌਰੇ ਤੋਂ ਬਿਨਾਂ ਘਰ ਸੁੱਤਾ ਹੋਇਆ ਲੱਗਦਾ ਹੈ।

ਅਖੀਰ ਵਿੱਚ – ਜੇ ਅਗਲੀ ਵਾਰੀ ਕੋਈ ਰਿਸ਼ਤੇਦਾਰ ਆ ਕੇ ਪੁੱਛੇ: “ਵਿਆਹ ਨਹੀਂ ਹੋਇਆ ਹਾਲੇ?”

ਤਾਂ ਸ਼ਾਂਤੀ ਨਾਲ ਹੱਸ ਕੇ ਕਹਿਣਾ: “ਸਰਕਾਰ ਨਵੀਂ ਸਕੀਮ ਲਿਆ ਰਹੀ ਏ… ਫਾਰਮ ਭਰਨ ਲਈ ਲਾਈਨ ਲੱਗੀ ਹੋਈ ਏ!

**ਰਸ਼ਪਾਲ ਕੌਰ**
**ਅਧਿਆਪਕਾ (ਕਪੂਰਥਲਾ )**

# ਫੈਡਰੇਸ਼ਨ ਆਫ਼ ਪ੍ਰਾਈਵੇਟ ਸਕੂਲਜ਼ (ਐਫ ਏ ਪੀ) ਅਵਾਰਡ ਸਮਾਰੋਹ ਵਿੱਚ ਐੱਮ. ਆਰ. ਸਿਟੀ ਪਬਲਿਕ ਸਕੂਲ ਦੀ ਸ਼ਾਨਦਾਰ ਉਪਲੱਬਧੀ

**ਬਲਾਚੌਰ, (ਜਤਿੰਦਰ ਪਾਲ ਸਿੰਘ ਕਲੇਰ )** ਐੱਮ. ਆਰ. ਸਿਟੀ ਪਬਲਿਕ ਸਕੂਲ, ਬਲਾਚੌਰ ਨੇ ਫੈਡਰੇਸ਼ਨ ਆਫ਼ ਪ੍ਰਾਈਵੇਟ ਸਕੂਲਜ਼ (ਐਫ ਏ ਪੀ ) -ਪੰਜਾਬ, ਵੱਲੋਂ ਕਰਵਾਏ ਗਏ ਪ੍ਰਸਿੱਧ ਅਵਾਰਡ ਸਮਾਰੋਹ ਵਿੱਚ ਕਈ ਮਹੱਤਵਪੂਰਨ ਸਨਮਾਨ ਹਾਸਲ ਕਰਕੇ ਆਪਣੀ ਕਾਬਲਿਯਤ ਦਾ ਲੋਹਾ ਮਨਵਾਇਆ। ਸਕੂਲ ਦੀ ਮਾਣਯੋਗ ਪ੍ਰਿੰਸੀਪਲ ਰਿਤੂ ਬਤਰਾ ਨੇ ਸਕੂਲ ਦੀ ਨੁਮਾਇੰਦਗੀ ਕਰਦਿਆਂ "ਪ੍ਰਾਈਡ ਆਫ਼ ਦ ਸਕੂਲ ਅਵਾਰਡ” ਪ੍ਰਾਪਤ ਕੀਤਾ, ਜੋ ਉਨ੍ਹਾਂ ਦੀ ਪ੍ਰੇਰਣਾਦਾਇਕ ਅਗਵਾਈ, ਨਿਰੰਤਰ ਮਿਹਨਤ ਅਤੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਸਮਰਪਣ ਦਾ ਪ੍ਰਤੀਕ ਹੈ। ਇਸ ਮੌਕੇ 'ਤੇ ਸਕੂਲ ਦੀ ਵਾਲੀਬਾਲ ਟੀਮ ਨੂੰ ਰਾਸ਼ਟਰੀ ਪੱਧਰ 'ਤੇ ਭਾਗੀਦਾਰੀ ਲਈ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ, ਜਿਸ ਨਾਲ ਸੰਸਥਾ ਦਾ ਮਾਣ ਹੋਰ ਵਧਿਆ। ਖੇਡਾਂ ਦੇ ਖੇਤਰ ਵਿੱਚ ਲਗਾਤਾਰ ਉਤਕ੍ਰਿਸ਼ਟ ਪ੍ਰਦਰਸ਼ਨ ਅਤੇ





ਵਿਦਿਆਰਥੀਆਂ ਨੂੰ ਮਜ਼ਬੂਤ ਮੰਚ ਪ੍ਰਦਾਨ ਕਰਨ ਲਈ ਐੱਮ. ਆਰ ਸਿਟੀ ਪਬਲਿਕ ਸਕੂਲ ਨੂੰ "ਸਰਵੋਤਮ ਖੇਡ ਸਕੂਲ" ਦੇ ਅਵਾਰਡ ਨਾਲ ਵੀ ਨਵਾਜ਼ਿਆ ਗਿਆ। ਸਕੂਲ ਪ੍ਰਬੰਧਕਾਂ, ਅਧਿਆਪਕਾਂ, ਮਾਪਿਆਂ ਅਤੇ ਵਿਦਿਆਰਥੀਆਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਸਕੂਲ ਦੇ ਚੇਅਰਮੈਨ ਰਾਮਜੀ ਦਾਸ ਵੱਲੋਂ ਪ੍ਰਿੰਸੀਪਲ, ਖਿਡਾਰੀਆਂ, ਕੋਚ ਅਤੇ ਸਮੂਹ ਸਟਾਫ਼ ਨੂੰ ਵਧਾਈ ਦਿੱਤੀ ਗਈ ਅਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਉੱਚਾਈਆਂ ਛੂਹਣ ਦੀ ਕਾਮਨਾ ਕੀਤੀ ਗਈ।

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ — facebook samajweekly

ਸਾਨੂੰ ਐਕਸ ਤੇ ਫੌਲੋ ਕਰੋ — X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com